ੴ


ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

ਗੁਰਦੁਆਰਾ ਕਤਲਗੜ੍ਹ ਚਮਕੌਰ ਸਾਹਿਬ

DEC 1986



ਦਸੰਬਰ ੧੯੮੬

ਅੰਗੀਠਾ ਅਸਥਾਨ ਵਡੇ ਸਾਹਿਬਜ਼ਾਦਿਆਂ

www.AKJ.Org

ਡੀ. ਪੀ, ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
"ਸੂਰਾ" ਮਾਸਕ ਪੱਤਰ ਕਾਲਜਾਂ ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤ ਤ ਕ ਰਾ

| | | |
|---|---|---|
| ਐਸੇ ਮਰਨੇ ਜੋ ਮਰੈ | ੩ | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ |
| ਸੱਚੀ ਸੂਰਮਤਾਈ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸਾਕਾ ਸ੍ਰੀ ਚਮਕੌਰ ਸਾਹਿਬ | ੮ | ਭਾਈ ਸਵਰਨ ਸਿੰਘ ਜੀ |
| ਕਹਿਰੀ ਰਾਤ ਖ਼ੂਨੀ ਦਿਨ (ਕਵਿਤਾ) | ੧੪ | ਸ: ਵਿਧਾਤਾ ਸਿੰਘ ਜੀ ਤੀਰ |
| ਚਮਕੌਰ ਦੀ ਗੜ੍ਹੀ (ਕਵਿਤਾ) | ੧੫ | ਸ: ਉਜਾਗਰ ਸਿੰਘ ਜੀ ਉਲਫ਼ਤ |
| ਖਾਲਸਾ ਮੇਰੋ ਰੂਪ ਹੈ ਖਾਸ | ੧੬ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਗੁਰਦੁਆਰਾ ਐਕਟ | ੨੩ | ਸ: ਨਰੈਣ ਸਿੰਘ ਜੀ |
| ਫ਼ਿਰਕਾਪ੍ਰਸਤਾਂ ਤੇ ਫ਼ਿਰਕੂ ਪ੍ਰੈਸ ਨੂੰ ਨੱਥ ਪਾਓ | ੩੦ | ਸ: ਸਤਨਾਮ ਸਿੰਘ ਜੀ |
| ਪਹਿਲਾ ਘਲੂਘਾਰਾ (੨) | ੩੧ | ਕੈਪਟਿਨ ਸਵਰਨ ਸਿੰਘ ਜੀ |
| ਚਹੁੰਆਂ ਜੁਗਾਂ ਦਾ ਨਿਬੇੜਾ | ੩੮ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਪੰਜਾਬ ਵਿਚ ਸ਼ਿਵ-ਸੈਨਾ ਵਲੋਂ ਗੜਬੜ-ਸਾਜ਼ਿਸ ਬੇਨਿਕਾਬ... | ੪੦ | ਰੋਜ਼ਾਨਾ ਅਜੀਤ |

| | | | |
|---|---|---|---|
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ | ੪ ਦਸੰਬਰ | ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦੀ | ੫ ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ (ਚਮਕੌਰ) | ੨੨ ਦਸੰਬਰ | ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹੰਦ) | ੨੭ ਦਸੰਬਰ |

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਅਮਰ ਸਿੰਘ ਬੰਬਈ | ਸਿਖੀ ਕੇਸਾਂ ਸੁਆਸਾਂ ਨਾਲ ਨਿਭੇ ਦੀ ਅਰਦਾਸ ਲਈ | ੧੦੧-੦੦ |
| ਭਾ: ਕੇਵਲ ਸਿੰਘ ਯੂ.ਕੇ | ਸੂਰਾ ਦੀ ਚੜ੍ਹਦੀ ਕਲਾ ਲਈ | ੭੩-੪੦ |
| ਸ: ਸੁਖਦਰਸ਼ਨ ਸਿੰਘ ਫਿਰੋਜ਼ਪੁਰ | ,, ,, ,, | ੫੧-੦੦ |
| ਸ: ਤੀਰਥ ਸਿੰਘ ਸ਼ਹਿਗੇ | ,, ,, ,, | ੫-੦੦ |
| ਗੁਪਤ ਦਾਨ | ,, ,, ,, | ੩੫-੦੦ |
| ਭਾ: ਜਗਜੀਤ ਸਿੰਘ ਅਲੀਗੜ੍ਹ | ,, ,, ,, | ੧੦-੦੦ |
| ਬੀਬੀ ਸੁਰਜੀਤ ਕੌਰ ਅੰਮ੍ਰਿਤਸਰ | ਸ੍ਰੀ ਅਖੰਡ ਪਾਠ ਦੇ ਭੋਗ ਸਮੇਂ | ੬੦-੦੦ |
| ਸ: ਗੁਰਨਾਮ ਸਿੰਘ ਰੈਡਿੰਗ, ਯੂ-ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੧੩੪੧-੦੦ |
| ਸ: ਸਾਧੂ ਸਿੰਘ, ਵਰਨਨ, ਕੈਨੇਡਾ | ,, ,, ,, | ੮੭-੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੧੨-੮੬ ਨੂੰ ਪ੍ਰਕਾਸ਼ਤ ਕੀਤਾ ।

ਟੈਲੀਫ਼ੋਨ ਨੰਬਰ : 51847 ਘਰ : 43094

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ (ਸਾਰੇ ਦੇਸ)**

**ਸਾਲਾਨਾ ਚੰਦਾ**

ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦

**ਅਮਾਨਤੀ**

**ਲਾਈਫ਼ ਮੈਂਬਰ**

ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੦ ਦਸੰਬਰ ੧੯੯੬ ਅੰਕ ੧੨


## ਐਸੇ ਮਰਨੇ ਜੋ ਮਰੈ

ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭਿ ਨ ਜਾਨਿਆ ਕੋਇ ॥
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥ ੨੯ ॥
ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦੁ ॥ ੨੨ ॥
ਕਬੀਰ ਮੋਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥ ੬੧ ॥

—ਸਲੋਕ ਕਬੀਰ ਜੀ, ੧੩੬੫-੬੬-੬੭

ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥੧॥ਰਹਾਉ॥

—ਗਉੜੀ ਕਬੀਰ ਜੀ, ਪੰਨਾ ੩੨੭

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ੧੯ ॥**

—ਸਲੋਕ ਮਹਲਾ ੧, ਪੰਨਾ ੧੪੧੨




www.AKJ.Org

# ਸੱਚੀ ਸੂਰਮਤਾਈ

[ ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ]

ਅਸਲ ਸੂਰਮੇ ਉਹ ਨਹੀਂ, ਹਰਗਿਜ਼ ਨਹੀਂ ਕਹਾ ਸਕਦੇ ਜੋ ਮਨ ਦੇ ਹੰਕਾਰ ਕਰਕੇ ਲੜ ਭਿੜ ਮਰਦੇ ਹਨ। ਨਿਸ਼ਕਾਮ ਸੂਰਮਤਾਈ, ਸੱਚੀ ਸੂਰਮਤਾਈ ਕੇਵਲ ਗੁਰੂ ਘਰ ਦੇ ਵਰੋਸਾਏ ਗੁਰਮੁਖ ਜਨਾਂ ਦੀ ਆਤਮਾ ਅੰਦਰ ਹੀ ਆ ਸਕਦੀ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦੇ ਨਾਮ-ਰੰਗ-ਰਤੜੇ, ਗੁਰਮੁਖ ਜਨ ਹੀ ਸੱਚੇ ਸੂਰਮੇ ਹੋ ਸਕਦੇ ਹਨ। ਯਥਾ ਗੁਰਵਾਕ:–

ਜਾ ਕਉ ਹਰਿ ਰੰਗੁ ਲਾਗਉ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ...੧॥ (੨॥੪॥੩੫)

ਧਨਾਸਰੀ ਮ: ੫, ਪੰਨਾ ੬੮੦

ਸਪੱਸ਼ਟ ਭਾਵ ਹੈ ਅਤੇ ਸੱਚੇ ਸੂਰਮੇ ਦੀ ਗੁਰਮੁਖ ਡੇਫੀਨੀਸ਼ਨ ਕਿਆ ਸੁੰਦਰ ਦਸੀ ਕਿ ਹੈ ਸੱਚਾ ਸੂਰਮਾ ਸੱਚ ਮੁੱਚ ਉਹੀ ਹੈ ਜਿਸ ਨੂੰ ਵਾਹਿਗੁਰੂ ਨਾਮ ਦੇ ਰੰਗ ਪ੍ਰਾਪਤ ਹਨ। ਵਾਹਿਗੁਰੂ ਨਾਮ ਦੇ ਰੰਗਾਂ ਵਿਚ ਹੀ ਆ ਕੇ, ਦੇਹੋਂ ਬਿਦੇਹ ਹੋ ਕੇ ਸੱਚੇ ਆਤਮ-ਰਸ-ਰੰਗ ਖਿੜਦੇ ਹਨ ਅਤੇ ਆਤਮ-ਰੰਗ ਖਿੜੇ ਬਾਝੋਂ ਮਨੂਆ ਜਿਤਿਆ ਨਹੀਂ ਜਾ ਸਕਦਾ, ਅਤੇ ਨਾ ਹੀ ਨਿਸ਼ਕਾਮ ਭਗਤੀ ਅਤੇ ਸੱਚੀ ਉਪਕਾਰ-ਗੀਧੀ ਨਿਰੋਲ ਸੂਰਮਤਾਈ ਹਿਰਦੇ ਅੰਦਰ ਪ੍ਰਵੇਸ਼ ਹੁੰਦੀ ਹੈ। ਜਿਸ ਜਨ ਨੇ ਆਪਣਾ ਆਤਮਾ ਜਿਣ ਲਿਆ, ਉਹ ਜਨ ਹੀ ਬੇਪਰਵਾਹ ਅਤੇ ਬੇਮੁਹਤਾਜ ਹੋ ਕੇ ਜਗਤ-ਕਾਰ ਨੂੰ ਮਿਟਾ ਮੁਟਾ ਕੇ ਸਾਰੇ ਜਗਤ ਨੂੰ ਆਪਣੇ ਵਸਗੱਤ ਕਰ ਸਕਦਾ ਹੈ। ਪ੍ਰੰਤੂ ਇਹ ਬੇਪਰਵਾਹੀ ਅਤੇ ਬੇਮੁਤਾਜੀ, ਸੱਚੀ ਕੁਰਬਾਨੀ, ਕੇਵਲ ਉਸ ਗੁਰਮੁਖ ਜਨ ਦੇ ਅੰਦਰ ਹੀ ਆ ਸਕਦੀ ਹੈ ਜਿਸ ਨੂੰ ਸੱਚੇ ਸਤਿਗੁਰੂ ਦੀ ਸੱਚੀ ਗੁਰ-ਦੀਖਿਆ ਪ੍ਰਾਪਤ ਹੋ ਗਈ ਹੋਵੇ। ਸੱਚਾ ਸਤਿਗੁਰੂ, ਗੁਰੂ ਬਾਝੋਂ ਹੋਰ ਕੋਈ ਨਹੀਂ ਹੋ ਸਕਦਾ। ਤਾਂ ਤੇ ਸਿਰ ਧੜ ਦੀ ਬਾਜ਼ੀ ਲਾਉਣ ਵਾਲੀ ਸੱਚੀ ਸੂਰਬੀਰਤਾ ਗੁਰੂ ਘਰ ਦੇ ਰੰਗ-ਰੱਤੜੇ ਗੁਰਮੁਖ ਜਨਾਂ ਦੇ ਨਿਰਭੈ ਆਤਮਾ ਵਿਖੇ ਹੀ ਆ ਸਕਦੀ ਹੈ। ਆਤਮ-ਰੰਗਾਂ ਵਿਚ ਵਾਹਿਗੁਰੂ ਦੀ ਸਿਫ਼ਤ ਸਲਾਹ ਕਰਨਹਾਰੇ, ਵਾਹਿਗੁਰੂ ਦਾ ਜਸ ਗਾਵਣਹਾਰੇ ਨਿਸ਼ਕਾਮ ਗੁਰਮੁਖ ਭਗਤ ਜਨਾਂ ਦੇ ਆਤਮ ਜੀਵਨ ਅੰਦਰ ਹੀ ਪਰਵੇਸ਼ ਹੋ ਸਕਦੀ ਹੈ। ਇਸ ਬਿਧਿ ਪਰਵੇਸ਼ ਹੋਈ ਆਤਮ-ਕਣੀ ਜਿਸ ਜਨ ਅੰਦਰ ਮੌਜੂਦ ਹੈ, ਉਸ ਦੇ ਆਤਮ-ਰੰਗ-ਰੱਤੜੇ-ਜੀਵਨ ਅੰਦਰ ਹੀ ਸੱਚੀ ਸੂਰਬੀਰਤਾ ਵਾਲੀ ਸੱਚੀ ਸਪਿਰਿਟ ਆ ਸਕਦੀ ਹੈ। ਗੁਰੂ ਘਰ, ਗੁਰੂ ਨਾਨਕ ਸਾਹਿਬ ਦਾ ਬਖਸ਼ਿਆ ਹੋਇਆ ਚਲੂਲਾ ਰੰਗ ਹੀ ਸਹਿਜ ਅਵਸਥਾ ਨੂੰ ਅਪੜਾ ਸਕਦਾ ਹੈ। ਇਸ ਸਹਿਜ ਅਵਸਥਾ ਵਿਚ ਲੀਨ ਹੋਏ ਬਾਝੋਂ ਸੱਚੀ ਨਿਰਭੈਤਾ ਨਹੀਂ ਉਪਜਦੀ ਅਤੇ ਤਿਥੇ ਹੀ ਸੱਚੇ ਆਤਮ ਰੰਗਾਂ ਵਾਲੀ ਨਿਸ਼ਕਾਮ ਸੂਰਬੀਰਤਾ ਉਪਜਦੀ ਹੈ। ਤਾਂ ਤੇ ਗੁਰੂ ਘਰ ਦੇ ਆਤਮ ਜੀਵਨ ਵਾਲੇ ਰੰਗ ਰੱਤੜੇ ਸੱਚੇ ਗੁਰਮੁਖ ਜਨਾਂ ਅੰਦਰ ਹੀ ਸੱਚੀ ਸੂਰਮਤਾਈ ਉਪਜਦੀ ਹੈ।

ਆਤਮ ਜਿਣੈ ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ ਪੂਰਾ ॥੧॥

ਧਨਾਸਰੀ ਮ: ੫, ਪੰਨਾ ੬੮੦

ਮਈ ਗੁਰ-ਸੱਚੀ-ਵਾਕ-ਪੰਗਤੀ ਨੇ ਸਪੱਸ਼ਟ ਹੀ ਫ਼ੈਸਲਾ ਕਰ ਦਿਤਾ ਕਿ ਸਤਿਗੁਰ ਪੂਰੇ ਦੀ ਗੁਰ-ਦੀਖਿਆ ਜਿਸ ਨੂੰ ਪ੍ਰਾਪਤ ਹੋਈ ਹੈ, ਉਹੀ ਸੱਚਾ ਸੂਰਮਾ ਬਣ ਸਕਦਾ ਹੈ।

ਇਸ ਗੱਲ ਵਿਚ ਰੰਚਕ ਸੰਦੇਹ ਨਹੀਂ ਕਿ "ਗੁਰ ਪੂਰੇ ਵਾਲੀ" ਸੱਚੀ ਘਟਨਾ ਕੇਵਲ ਗੁਰੂ ਨਾਨਕ ਸਾਹਿਬ ਅਤੇ ਗੁਰੂ ਨਾਨਕ ਸਾਹਿਬ ਦੇ ਦਸੇ ਗੁਰ ਜਾਮਿਆਂ ਉਪਰ ਘਟ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਫ਼ੈਸਲਾ ਕਰ ਦਿਤਾ ਹੋਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਪਿਛੋਂ ਕੱਚ-ਪਿਚੇ ਪੂਰੇ ਸੂਰੇ ਦੇਹਧਾਰੀ ਗੁਰੂਆਂ ਦਾ ਸਿਲਸਿਲਾ ਉੱਕਾ ਹੀ ਮੁਕ ਚੁਕਾ ਹੈ। ਸਤਿਗੁਰ ਨਾਨਕ ਸਾਹਿਬ ਬਾਝੋਂ ਹੋਰ ਪੂਰਾ ਗੁਰੂ ਕੋਈ ਨਹੀਂ ਕਹਾ ਸਕਦਾ। ਗੁਰ ਨਾਨਕ ਸੱਚਾ ਪਾਤਸ਼ਾਹ ਰੰਗ ਰਤੜੇ ਗੁਰਮੁਖ ਜਨਾਂ ਦੇ ਰੰਗ ਰਤੜੇ ਘਟਾਂ ਅੰਦਰ ਹਰ ਦਮ ਮੌਜੂਦ ਹੈ ਅਤੇ ਜਿਹੋ ਜਿਹੀ ਸ਼ਰਧਾ ਕਰਿ ਗੁਰ ਨਾਨਕ ਸਾਹਿਬ ਜੀ ਨੂੰ ਅਰਾਧਦੇ ਹਨ ਤਿਥੇ ਹੀ ਗੁਰ ਨਾਨਕ ਸੱਚਾ ਪਾਤਸ਼ਾਹ, ਪੂਰਾ ਗੁਰੂ ਨਾਨਕ ਸਾਹਿਬ, ਪੂਰੀ ਬਣਤ ਬਣਾਇ ਕੇ ਪਰਤੱਖ ਦਰਸ਼ਨ ਦਿਖਾਇ ਦੇਂਦਾ ਹੈ। ਤਾਂ ਤੇ ਪੂਰੇ ਅਪੂਰੇ



www.AKJ.Org

ਕੱਚ-ਪਿਚੇ ਗੁਰੂ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ । ਸੱਚਾ ਸਤਿਗੁਰੂ, 'ਸਤਿਗੁਰ ਬਾਝਹੁ ਗੁਰੁ ਨਹੀ ਕੋਈ''* ਨਿਰਸੰਦੇਹ ਹੈ ਹੀ ਨਹੀਂ ।

ਤਾਂ ਤੇ ਗੁਰੂ ਘਰ, ਗੁਰੂ ਸਾਹਿਬ ਸੱਚੇ ਸਤਿਗੁਰੂ ਦੇ ਦੀਖਿਅਕ ਗੁਰਮੁਖ ਜਨ ਨੂੰ ਹੀ ਇਹ ਵਡਾਈ ਪ੍ਰਾਪਤ ਹੈ । ਜਿਸ ਦੇ ਸਿਰ ਉਪਰ ਸਦਾ ਸਦਾ ਸੱਚਾ ਸਤਿਗੁਰ ਨਾਨਕ ਦੇਵ ਹਰਦਮ ਹਾਜ਼ਰ ਨਾਜ਼ਰ ਹੈ ਉਸ ਨੂੰ ਕਿਸੇ ਵੀ ਗੱਲ ਦੀ ਥੁੜ ਨਹੀਂ ਰਹਿੰਦੀ । ਯਥਾ ਗੁਰਵਾਕ :—

ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ ॥੭॥ (੨੨)

ਗਉੜੀ ਸੁਖਮਨੀ ਮ: ੫, ਪੰਨਾ ੨੯੩

ਇਸ ਬਿਧਿ ਸੱਚੇ ਸਤਿਗੁਰੂ ਨੂੰ ਜੋ ਰੰਗ-ਰਤੜਾ ਗੁਰਮੁਖ ਜਨ ਹਰਦਮ ਹਿਰਦੇ ਵਿਚ ਵਸਾਈ ਰੱਖਦਾ ਹੈ ਕੇਵਲ ਉਸੇ ਜਨ ਨੂੰ ਹੀ ਸੱਚੀ ਸੂਰਮਤਾਈ ਦੀ ਦਾਤਿ ਪ੍ਰਾਪਤ ਹੁੰਦੀ ਹੈ । ਗੁਰਮਤਿ ਅਨੁਸਾਰ ਸੱਚਾ ਸੂਰਮਾ ਸੋਇ, ਕਹਾ ਸਕਦਾ ਹੈ ਜਿਸ ਨੂੰ ਸੱਚੇ ਸਤਿਗੁਰੂ ਦੀ ਨਿਕਟਤਾਈ ਵਾਲੀ ਸੱਚੀ ਦਾਤਿ ਪ੍ਰਾਪਤ ਹੋਵੇ । ਸੱਚੇ ਨਿਰਭੈ ਸੂਰਮੇ ਗੁਰੂ ਘਰ ਅੰਦਰ ਹੀ ਉਪਜੇ ਹਨ ਤੇ ਸਦਾ ਗੁਰੂ ਘਰ ਅੰਦਰ ਹੀ ਉਪਜਣਗੇ । ਤਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਦੀ ਜੁਗ ਜੁਗ ਵਡਿਆਈ ਅਤੇ ਨਿਕਟਤਾਈ ਪ੍ਰਾਪਤ ਹੁੰਦੀ ਰਹੇਗੀ । ਤਿਨ੍ਹਾਂ ਨੂੰ ਨਿਜ ਨਿਸ਼ਕਾਮ ਸੂਰਮਤਾ ਵਾਲੀ ਸੱਚੀ ਸਪਿਰਿਟ ਪ੍ਰਾਪਤ ਰਹਗੀ । ਉਹ ਸਦਾ ਹੀ ਜੰਗਾਂ ਜੁਧਾਂ ਵਿਚ ਨਿਰਭੈ ਅਤੇ ਬੇਪਰਵਾਹ ਹੋ ਕੇ ਆਤਮ-ਰੰਗਾਂ ਵਿਚ ਜੂਝਣਗੇ । ਸੱਚੀ ਸੂਰਮਤਾਈ, ਸੂਰਬੀਰਤਾ ਤਿਨ੍ਹਾਂ ਦੇ ਹੀ ਵਿਰਸੇ ਵਿਚ ਸਦੀਵ ਲਈ ਮਖ਼ਸੂਸ ਰਹੇਗੀ ਅਤੇ ਮਖ਼ਸੂਸ ਹੁੰਦੀ ਚਲੀ ਆਉਂਦੀ ਹੈ । ਸੱਚੇ ਸੂਰਮਿਆਂ ਵਾਲੀ ਸੱਚੀ ਸੂਰਮਗਤੀ ਕੇਵਲ ਤਿਨ੍ਹਾਂ ਨੂੰ ਹੀ ਪ੍ਰਾਪਤ ਹੋ ਸਕਦੀ ਹੈ ਜੋ ਆਤਮ-ਰੰਗਾਂ ਵਿਚ ਰੰਗ ਕੇ ਕੇਵਲ ਗੁਰੂ ਪਰਾਇਣ ਹੋ ਕੇ ਸਿਰਲੱਥ ਸਿਰ ਧੜ ਦੀ ਬਾਜ਼ੀ ਲਾਉਣਗੇ । ਆਤਮ-ਜੀਵਨ-ਰੰਗ ਦੇ ਚਲੂਲੇ ਰੰਗ ਕੇਵਲ ਸੱਚੀ ਗੁਰ-ਭਗਤੀ ਦੇ ਆਸਰੇ ਹੀ ਗੁਰਮੁਖ ਰੰਗ-ਰੱਤੜੀਆਂ-ਰੂੜ੍ਹੀਆਂ ਰੂਹਾਂ ਅੰਦਰ ਪਰਵੇਸ਼ ਹੋ ਸਕਦੇ ਹਨ ਅਤੇ ਤਿਨ੍ਹਾਂ ਨੂੰ ਹੀ ਸੱਚੀ ਸੂਰਮਤਾਈ ਵਾਲੇ ਸੁਭਾਗ ਪ੍ਰਾਪਤ ਹੁੰਦੇ ਹਨ ।

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥੧॥ (੧੧)

ਸਲੋਕ ਮ: ੩, ਵਾਰ ਸਿਰੀਰਾਗ, ਪੰਨਾ ੮੬

ਗੁਰਵਾਕ ਦੇ ਭਾਵ ਅਨੁਸਾਰ ਸੱਚਾ ਸੂਰਮਾ ਅਤੇ ਬਹਾਦਰ ਸੋਈ ਜਨ ਹੈ ਜਿਸ ਨੇ ਆਪਣੇ ਅੰਦਰੋਂ ਦੁਸ਼ਟ 'ਅਹੰਕਰਣ ਮਈ' ਹਉਮੈ ਦਾ ਬਿਨਾਸ ਅਤੇ ਬੀਜ ਨਾਸ਼ ਕੀਤਾ ਹੈ । ਇਸ ਹਉਮੈ ਦਾ ਬਿਨਾਸ ਗੁਰਮਤਿ ਨਾਮ ਅਭਿਆਸ ਦੀ ਅਥਾਹ ਕਮਾਈ ਦੁਆਰਾ ਹੀ ਹੋ ਸਕਦਾ ਹੈ । ਗੁਰਮਤਿ ਨਾਮ ਅਭਿਆਸ ਕਮਾਈ ਦੇ ਪ੍ਰਤਾਪ ਕਰਕੇ ਹੀ ਹਉਮੈ ਅੰਦਰ ਸੱਚੀ ਗਰੀਬੀ (ਨਿੰਮ੍ਰਤਾ) ਆਉਂਦੀ ਹੈ । ਜਿਸ ਦੇ ਅੰਦਰ ਇਹ ਨਿੰਮ੍ਰਤਾ ਨਹੀਂ ਆਈ ਅਤੇ ਜਿਸ ਦੇ ਅੰਦਰੋਂ ਹਉਮੈ ਦਾ ਬਿਨਾਸ ਨਹੀਂ ਹੋਇਆ, ਉਸ ਦੇ ਅੰਦਰ ਸੱਚੀ ਸੂਰਮਤਾ ਕਦੇ ਆ ਹੀ ਨਹੀਂ ਸਕਦੀ । ਯਥਾ :—

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥ (੯)

ਮਾਰੂ ਵਾਰ ਮ: ੩, ਪੰਨਾ ੧੦੮੯

ਬਲਕਿ ਸੱਚਾ ਸੂਰਮਾ ਉਹ ਹੈ ਜੈਸੇ ਕਿ ਅਗਲੇ ਗੁਰਵਾਕ ਦਾ ਭਾਵ ਹੈ—

ਸੂਰਬੀਰ ਧੀਰਜ ਮਤਿ ਪੂਰਾ ॥ ਸਹਜ ਸਮਾਧਿ ਧੁਨਿ ਗਹਿਰ ਗੰਭੀਰਾ...੨॥

ਰਾਮਕਲੀ ਮ: ੫, ਪੰਨਾ ੮੯੦-੯੧

ਇਸ ਗੁਰਵਾਕ ਦੇ ਭਾਵ ਅਨੁਸਾਰ ਸੱਚੀ ਬੀਰਤਾ ਵਾਲਾ ਸੂਰਮਾ ਸੋਈ ਹੈ ਜਿਸ ਦੇ ਅੰਤਰ-ਆਤਮੇ ਸੱਚ, ਧੀਰਜ ਰੂਪੀ ਸ਼ਾਂਤਮਈ ਆਉਂਦੀ ਹੈ । ਇਹ ਸੱਚੀ ਸ਼ਾਂਤਮਈ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਆ ਸਕਦੀ ਹੈ । ਗੁਰਮਤਿ ਦੇ ਰੰਗਾਂ ਵਿਚ ਰੰਗੀਜ ਕੇ ਨਾਮ ਅਭਿਆਸੀ ਜਨ ਦੀ ਐਸੀ ਸਹਿਜ ਸਮਾਧੀ ਲਗਦੀ ਹੈ

* ਆਸਾ ਮ: ੩ ਪਟੀ ॥੧੩॥, ਪੰਨਾ ੪੩੫



www.AKJ.Org

ਕਿ ਉਸ ਨੂੰ ਆਪਣੇ ਸਰੀਰਕ ਅੰਗਾਂ ਦੀ ਸੁਧ ਬੁਧ ਹੀ ਨਹੀਂ ਰਹਿੰਦੀ। ਉਹ ਗਹਿਰ ਗੰਭੀਰੇ ਰੰਗਾਂ ਵਿਚ ਲਿਵਲੀਨ ਹੋ ਜਾਂਦਾ ਹੈ। ਜਿਸ ਦੇ ਆਪੇ ਦਾ ਅਭਾਵ ਨਹੀਂ ਹੋਇਆ, ਉਸ ਨੇ ਹੋਰਤ ਜਗਤ ਨੂੰ ਕੀ ਪ੍ਰਬੋਧਣਾ ਸੋਧਣਾ ਹੈ। ਜਿਸ ਦੇ ਅੰਦਰੋਂ ਅਹੰਕਾਰ ਨਹੀਂ ਮਰਿਆ, ਉਸ ਨੇ ਦੂਜਿਆਂ ਨੂੰ ਕੀ ਮਾਰ ਸਕਣਾ ਹੈ। ਜਿਸ ਦਾ ਅੰਦਰਲਾ ਭਉ ਨਹੀਂ ਗਿਆ,ਉਹ ਪੁਰਸ਼ ਹੋਰਨਾਂ ਤੇ ਭਾਰੂ ਹੋ ਹੀ ਨਹੀਂ ਸਕਦਾ। ਅੰਦਰਲੇ ਭਉ ਗਏ ਬਿਨਾਂ ਨਿਰਭੈਤਾ (ਸੱਚੀ ਸੂਰਮਤਾ) ਆ ਵੀ ਨਹੀਂ ਸਕਦੀ। ਗੁਰਮਤਿ ਨਾਮ ਅਭਿਆਸ ਦੀ ਅਤੁਟ ਕਮਾਈ ਦੇ ਤੁਫ਼ੈਲ ਸੱਚੇ ਸਹਿਜ ਰੰਗਾਂ ਵਿਚ ਲੀਨ ਹੋ ਕੇ ਸੱਚੀ ਨਿਰਭੈਤਾ ਪ੍ਰਾਪਤ ਹੋਈ ਬਾਝੋਂ, ਸੱਚੀ ਸੂਰਮਤਾ ਕਿਥੇ ? ਸੱਚੇ ਸੂਰਮੇ ਉਹ ਹਨ ਜੋ ਆਪਾ ਖੋਇ ਕੇ, ਆਪਾ ਬਿਗੋਇ ਕੇ, ਇਸ ਲੋਕ ਅੰਦਰ ਅਤੇ ਪਰਲੋਕ ਅੰਦਰ ਸੱਚੜਾ ਮਾਣ ਪਾਉਂਦੇ ਹਨ। ਯਥਾ ਗੁਰਵਾਕ :-

ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥੩॥ (੪॥੨)

ਵਡਹੰਸੁ ਮ: ੧, ਪੰਨਾ ੫੮੦

ਸੱਚਾ ਸੂਰਮਾ ਉਹੀ ਹੈ ਜਿਸ ਨੇ ਪ੍ਰਿਥਮ ਆਪਣਾ ਆਪ ਮਿਟਾਇਆ ਹੈ ਤੇ ਆਪਣਾ ਆਪ ਮਿਟਾਇ ਕੇ ਹੀ ਸੱਚੀ ਦੀਨਤਾ (ਗਰੀਬੀ) ਆਉਂਦੀ ਹੈ। ਐਸੀ ਦੀਨਤਾ ਵਾਲਾ ਗੁਰਮੁਖ ਜਨ ਹੀ ਅੰਦਰੋਂ ਬਾਹਰੋਂ ਦੀਨ ਗਰੀਬ ਹੋਇ ਕੇ ਦੀਨਾਂ ਗਰੀਬਾਂ ਲਈ ਜੂਝ ਸਕਦਾ ਹੈ। ਯਥਾ ਗੁਰਵਾਕ :-

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥

ਰਾਗ ਮਾਰੂ, ਸਲੋਕ ਕਬੀਰ, ਪੰਨਾ ੧੧੦੫

ਆਪਾ-ਪ੍ਰਸਤ ਆਦਮੀ, ਜਿਸ ਨੇ ਆਪਣੇ ਤਨ ਦੀ ਰਖਿਆ ਨੂੰ ਹੀ ਮੁਖ ਰਖਿਆ ਹੈ, ਉਹ ਐਵੇਂ ਹੀ ਡਰ ਡਰ ਮਰਦਾ ਹੈ ਅਤੇ ਇਸ ਮਰਨ ਤੋਂ ਬਚਣ ਲਈ ਬਿਰਥਾ ਹੀ ਆਪਣੇ ਆਪ ਨੂੰ ਲੁਕਾਉਂਦਾ ਫਿਰਦਾ ਹੈ, ਉਸ ਨੇ ਪਰਉਪਕਾਰ ਦੀ ਖ਼ਾਤਰ ਕੀ ਮਰਨਾ ਹੋਇਆ ? ਜਿਹੜਾ ਸੱਚਾ ਸੂਰਮਾ ਗੁਰਮੁਖ ਜਨ ਹੈ ਉਹ ਰਣ-ਤਤਿਆਂ ਵਿਚ ਵੀ ਨਹੀਂ ਡਰਦਾ। ਯਥਾ ਗੁਰਵਾਕ :-

ਸੂਰੁ ਕਿ ਸਨਮੁਖ ਰਨ ਤੇ ਡਰਪੈ...॥੧॥ (੨॥੨॥੧੭) ਗਉੜੀ ਕਬੀਰ ਜੀ, ਪੰਨਾ ੩੩੮

ਉਹ ਸੂਰਮਾ ਕੀ ਆਖ, ਜੋ ਸਨਮੁਖ ਜੂਝਣੋਂ ਡਰੇ ਅਤੇ ਰਣ-ਤੱਤੇ ਵਿਚੋਂ ਭੱਜ ਨਿਕਲੇ। ਜਿਸ ਗੁਰਮੁਖ ਜਨ ਨੇ ਅਥਾਹ ਗੁਰਮਤਿ ਨਾਮ ਦੀ ਕਮਾਈ ਦੇ ਪ੍ਰਤਾਪ ਸੇਤੀ ਆਪਣਾ ਆਪ ਉੱਕਾ ਹੀ ਗਵਾਇਆ ਹੋਇਆ ਹੁੰਦਾ ਹੈ, ਉਹੀ ਰਣ ਤੱਤੇ ਵਿਚ ਪੂਰਾ ਉਤਰਦਾ ਹੈ। ਗੁਰਮਤਿ ਰੰਗਾਂ ਵਿਚ ਲੀਨ ਹੋ ਕੇ ਉਸ ਨੂੰ ਸੱਚੀ ਨਿਰਭੈਤਾ ਪ੍ਰਾਪਤ ਹੋ ਰਹਿੰਦੀ ਹੈ। ਉਸ ਨੂੰ-

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ...੧॥(੫॥੧੮) ਸਿਰੀਰਾਗੁ ਮ: ੧, ਪੰਨਾ ੨੦

ਗੁਰਵਾਕ ਦੇ ਭਾਵ ਅਨੁਸਾਰ ਸਦਾ ਸਦਾ ਲਈ ਆਪਣਾ ਸੀਸ ਤਲੀ ਉਤੇ ਰੱਖੀ ਫਿਰਨ ਲਈ,ਗੁਰ-ਦਵਾਰਿਓਂ ਸੱਚੜੀ ਸੂਝ ਸੂਝ ਅਤੇ ਉਤਸ਼ਾਹ-ਮਈ ਤਕੀਆ-ਤਾਣ ਪ੍ਰਾਪਤ ਹੀ ਰਹਿੰਦਾ ਹੈ। ਪਰਉਪਕਾਰ ਦੀ ਖ਼ਾਤਰ ਉਸ ਨੂੰ ਮਰ ਮਿਟਣਾ ਖੱਬੇ ਹੱਥ ਦੀ ਖੇਡ ਹੀ ਦਿਸਦੀ ਰਹਿੰਦੀ ਹੈ। ਤਾਂ ਤੇ ਸਿਧ ਹੋ ਗਿਆ ਕਿ ਸੱਚੀ ਸੂਰਮਤਾ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਗੁਰੂ ਘਰ ਤੋਂ ਬਾਹਰ ਨਾ ਹੀ ਸੱਚੜੀ ਸ਼ਾਂਤਮਈ (ਧੀਰਜਤਾ), ਨਾ ਹੀ ਸੱਚੀ ਸੂਰਬੀਰਤਾ ਪ੍ਰਾਪਤ ਹੋ ਸਕਦੀ ਹੈ। ਸੱਚੇ ਵਾਹਿਗੁਰੂ ਦੇ ਰੰਗਾਂ ਵਿਚ ਰਤੇ ਬਿਨਾਂ ਸਚੀ ਸੂਰਮਤਾ ਆਉਂਦੀ ਹੀ ਨਹੀਂ। ਤਾਂ ਤੇ ਇਹ ਸੱਚੜਾ ਆਤਮ-ਚਲੂਲੀ-ਰੰਗ ਜਿਸ ਗੁਰਮੁਖ ਜਨ ਨੂੰ ਹਰਦਮ ਚੜ੍ਹਿਆ ਹੀ ਰਹਿੰਦਾ ਹੈ, ਉਹੀ ਜਨ ਚੜ੍ਹਦੀਆਂ ਕਲਾਂ ਵਾਲੀ ਸੱਚੜੀ ਸੂਰਬੀਰਤਾ ਦੇ ਰੰਗਾਂ ਵਿਚ ਰੱਤਿਆ ਮੱਤਿਆ ਜਾਣੋ। ਇਹ ਸੱਚੜਾ ਰੰਗ ਚੜ੍ਹਦੀਆਂ ਕਲਾਂ ਵਾਲਾ ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਅੰਦਰ ਹੀ ਹੈ, ਏਦੂੰ ਬਾਹਰ ਹਰਗਿਜ਼ ਨਹੀਂ। ਸੱਚੜੀ ਸੂਰਮਤਾਈ ਭੀ ਇਨ੍ਹਾਂ ਹੀ ਸੱਚੜੇ ਗੁਰਮਤਿ ਰੰਗਾਂ ਤੋਂ ਚੜ੍ਹਦੀ ਕਲਾਂ ਵਿਖੇ ਆਉਂਦੀ ਹੈ। ਸੱਚੀ ਨਿੰਮ੍ਰਤਾ, ਸੱਚੜੀ ਸ਼ਾਂਤਮਈ ਗੁਰਮੁਖਾਂ ਦੇ ਹਿਰਦਿਆਂ ਵਿਚ ਹੀ ਵਸਦੀ ਹੈ,ਹੋਰ ਕਿਤੇ ਨਹੀਂ। ਅਤੇ ਇਨ੍ਹਾਂ ਆਪਾ ਅਭਾਵ ਹੋਏ ਸੱਚੇ ਨਿਮਰੀਭੂਤ-ਰਿਦ-ਸ਼ਾਂਤੀਆਂ ਨੂੰ ਹੀ ਗੁਰੂ ਦੁਆਰਿਓਂ ਸੱਚੜੀ ਸੂਰਮਤਾਈ ਦੀ ਦਾਤਿ ਮਿਲਦੀ ਹੈ।



www.AKJ.Org

ਹਉਮੈ ਹੰਕਾਰ ਦੇ ਮਿਟੇ ਹਟੇ ਬਿਨਾਂ ਨਾ ਹੀ ਸੱਚੜੀ ਸ਼ਾਂਤਮਈ ਦੀ ਦਾਤਿ-ਇਲਾਹੀ ਨਸੀਬ ਹੁੰਦੀ ਹੈ ਅਤੇ ਨਾ ਹੀ ਇਸ ਸੱਚੜੀ ਸੂਰਮਤਾਈ ਵਾਲਾ ਸੱਚਾ ਸੂਰਜ ਉਦੇ ਹੁੰਦਾ ਹੈ।

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ (੫੬੦)

ਗੁਰਵਾਕ ਦਾ ਭਾਵ ਇਹ ਹੈ ਕਿ ਕੇਵਲ ਨਾਮ ਦਵਾਰਾ ਹੀ ਹਉਮੈ ਹੰਕਾਰ ਬਿਨਸਦਾ ਹੈ। ਜਦ ਤਾਈਂ ਇਹ ਮਨ ਹਉਮੈ ਦੀਆਂ ਲਹਿਰਾਂ ਵਿਚ ਹੈ, ਤਦ ਤਾਈਂ ਇਸ ਦੀ ਘਾਲ ਕਮਾਈ, ਭਾਵ ਭਗਤੀ ਮਈ ਸੇਵਾ ਸਭ ਬਿਰਥੀ ਹੀ ਜਾਂਦੀ ਹੈ। ਯਥਾ ਗੁਰਵਾਕ–

ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ (੪॥੯) ਵਡਹੰਸੁ ਮ: ੩, ਪੰਨਾ ੫੬੦

ਲੋਕੀ ਐਵੇਂ ਹੀ ਸ਼ਾਂਤਮਈ ਸ਼ਾਂਤਮਈ ਕੂਕਦੀ ਹੈ ਅਤੇ ਹਉਮੈ ਵਿਚ ਹੀ ਕੂਕਦੀ ਹੈ। ਸੱਚੜੀ ਸ਼ਾਂਤਮਈ ਨਾ ਕਿਸੇ ਨੂੰ ਪ੍ਰਾਪਤ ਹੋਈ ਹੈ ਨਾ ਹੋਣੀ ਹੈ। ਜਿਥੇ ਹੋਈ ਹੈ ਉਥੇ ਹਉਮੈ ਦਾ ਉੱਕਾ ਹੀ ਅਭਾਵ ਹੋ ਗਿਆ ਹੈ। ਉਥੇ ਕੇਵਲ ਸੱਚੜੀ ਸੂਰਮਤਾਈ ਵਾਲੀ ਗਤੀ ਕਲਿਆਣ ਮਈ ਹੈ। ਇਹ ਸਭ ਸਦਕਾ ਗੁਰਮਤਿ ਨਾਮ ਦੇ ਰੰਗਾਂ ਵਿਚ ਰੰਗੀਜਣ ਦਾ ਹੀ ਹੈ। ਉਹ ਸ਼ਖ਼ਸ ਉੱਕੇ ਕੀ ਕੂੜਾਵੇ ਹਨ ਜੋ ਇਸ ਸੱਚੜੀ ਲਿਵਲੀਨਤਾ ਬਿਨਾਂ ਹੀ ਸ਼ਾਂਤਮਈ ਅਤੇ ਸੂਰਮਤਾਈ ਲਭਦੇ ਹਨ। ਆਮ ਲੋਕੀ ਹਨੇਰੇ ਵਿਚ ਅੱਕੀਂ ਪਲਾਹੀਂ ਹੱਥ ਮਾਰਦੇ ਫਿਰਦੇ ਹਨ; ਉਨ੍ਹਾਂ ਨੂੰ ਲੱਭਦਾ ਲੱਭਦਾ ਕੁਝ ਵੀ ਨਹੀਂ। ਗੁਰੂ ਨਾਨਕ ਦੇਵ ਜੀ ਦੀ ਸ਼ਰਨੀ ਆਇਆਂ ਹੀ ਇਸ ਲੱਭਤਾ ਦਾ ਚਾਨਣ ਦਿਸਦਾ ਹੈ। ਤਾਂ ਤੇ ਜਿਸ ਜਨ ਨੂੰ ਸੱਚੀ ਸੂਰਮਤਾ ਦਰਕਾਰ ਹੈ, ਉਹ ਸਗਲ ਹਉਮੈ ਤਿਆਗ ਕੇ ਸੱਚੇ ਸਤਿਗੁਰੂ ਗੁਰੂ ਨਾਨਕ ਦੀ ਸ਼ਰਨੀ ਆਵੇ। ਇਸ ਸੱਚੜੇ ਦਰ ਘਰ ਤੋਂ ਗੁਰਮਤਿ ਨਾਮ ਮਈ ਦੀਖਸ਼ਾ ਦੀਆਂ ਸੱਚੀਆਂ ਮੁਰਾਦਾਂ ਪਾਵੇ ਤਾਂ ਹੀ ਉਸ ਨੂੰ ਸੱਚੀ ਸੂਰਮਤਾ ਦੇ ਰੰਗ ਚੜ੍ਹ ਸਕਦੇ ਹਨ, ਐਵੇਂ ਨਹੀਂ। [‘ਗੁਰਮਤਿ ਵਿਚਾਰ’ ਪੁਸਤਕ ਵਿਚੋਂ

# ਪੰਜਾਂ ਪਿਆਰਿਆਂ ਰਾਹੀਂ ਦਿਤਾ ਨਾਮ ਹੀ ਫਲੀਭੂਤ ਹੁੰਦਾ ਹੈ

ਸਤਿਗੁਰੂ ਸੱਚੇ ਸ਼ਾਹ ਦੇ ਪਾਸੋਂ ਸਿਮਰਨ ਦੀ ਦਾਤਿ ਪ੍ਰਾਪਤ ਕਰ ਕੇ, ਸਿਖਾਂ ਪਾਸੋਂ ਕੋਈ ਲੇਖਾ ਨਹੀਂ ਮੰਗ ਸਕਦਾ, ਕਿਉਂਕਿ ਸਤਿਗੁਰੂ ਪਾਸੋਂ ਹੀ ਪ੍ਰਾਪਤ ਹੋਈ ਸਿਮਰਨ-ਦਾਤਿ ਸਫਲ ਕਮਾਈ ਵਾਲੀ ਅਤੇ ਪੂਰੀ ਹੋ ਕੇ ਉਤਰਦੀ ਹੈ। ਸਿਮਰਨ ਦੀ ਦਾਤਿ ਰੂਪੀ ਸੱਚੀ ਵੱਥ ਕੇਵਲ ਗੁਰੂ ਘਰ ਵਿਖੇ ਹੀ ਹੈ। ਗੁਰੂ ਤੋਂ ਬਾਹਰ ਤਾਂ ਇਹ ਸੱਚੀ ਵੱਥ ਉੱਕੀ ਹੈ ਭੀ ਨਹੀਂ। ਗੁਰੂ ਘਰ ਤੋਂ ਬਾਹਰਲੇ ਅਤੇ ਗੁਰਮਤਿ ਤੋਂ ਘੁੱਥੇ ਹੋਏ ਭੇਖੀ ਗੁਰੂ ਦੇ ਹੱਥ ਪੱਲੇ ਤਾਂ ਇਹ ਵੱਥ ਨਮੂਦ ਮਾਤਰ ਭੀ ਹੈ ਨਹੀਂ। ਗੁਰੂ ਘਰ ਦੇ ਅੰਦਰ ਭੀ ਇਸ ਵੱਥ ਦਾ ਸੱਚਾ ਭੰਡਾਰੀ ਦਾਤਾ ਕੇਵਲ ਸਤਿਗੁਰੂ ਹੈ। ਜੋ ਸਤਿਗੁਰੂ ਤੋਂ ਇਹ ਸੱਚੀ ਵੱਥ ਦੀ ਦਾਤਿ ਪਾਉਂਦੇ ਹਨ, ਸੋ ਰੱਜ ਖਾਂਦੇ ਹਨ। ਜੋ ਮੰਗਤੇ ਪਾਸੋਂ ਲੈ ਕੇ ਖਾਂਦੇ ਹਨ ਸੋ ਅਧੂਰੇ, ਅਧ-ਭੁਖੇ ਯਾ ਭੁਖੇ ਅਤੇ ਊਰੇ ਹੀ ਰਹਿ ਜਾਂਦੇ ਹਨ। ਤਨਕ ਮਾਤਰ ਕੁਛ ਪਾਉਂਦੇ ਹਨ ਤਾਂ ਪਾਰ ਨਹੀਂ ਵਸਾਉਂਦੇ। ਪੂਰੇ ਦਾਤਾਰ ਸਤਿਗੁਰੂ ਪਾਸੋਂ ਪਾਈ ਸਿਮਰਨ-ਮਈ ਦਾਤਿ-ਇਲਾਹੀ ਪੂਰੀ ਉਤਰਦੀ ਹੈ। ਪੂਰੇ ਸਤਿਗੁਰੂ ਦੀ ਗੁਰੱਤ-ਕਲਾ-ਸ਼ਕਤੀ ਪੰਜਾਂ ਗੁਰਮੁਖ ਸਿਖਾਂ ਦੇ ਪੂਰ (ਪੁੰਜ) ਵਿਚ ਹੀ ਪੂਰੀ ਵਰਤਦੀ ਹੈ। ਗੁਰ ਪਰਮੇਸ਼ਰੀ ਵਾਰਦ ਹੋਈ (ਪ੍ਰਵੇਸ਼ ਹੋਈ) ਸ਼ਕਤਿ ਪੰਜ ਪਰਵਾਨ ਜਨਾਂ ਅੰਦਰ ਹੀ ਹੂ-ਬ-ਹੂ ਗੁਰੂ ਸਾਰਖੀ ਵਰਤਦੀ ਹੈ। ਯਥਾ ਵਾਕ ਸ੍ਰੀ ਭਾਈ ਗੁਰਦਾਸ ਜੀ ਸਾਹਿਬ–

ਇਕੁ ਸਿਖ ਦੁਇ ਸਾਧ ਸੰਗੁ ਪੰਜੀਂ ਪਰਮੇਸਰ ॥੨੦॥ (੧੩)

ਭਾਵ, ਇਕ ਇਕੱਲਾ ਸਿਖ ਤਾਂ ਸਿਖ ਰੂਪ ਹੀ ਹੈ। ਦੋ ਸਿਖ ਜੁੜਨ ਕਰਿ ਸਤਿਸੰਗ ਦਾ ਰੰਗ ਬਣ ਆਉਂਦਾ ਹੈ ਅਤੇ ਪੰਜਾਂ ਪਾਸ ਪਰਮੇਸ਼ਰ ਵਰਤਦਾ ਹੈ।

ਤਾਂ ਤੇ ਅੰਮ੍ਰਿਤ ਪ੍ਰਚਾਰ ਸਮੇਂ ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਗੁਰਮੁਖ ਪਿਆਰਿਆਂ ਦੁਆਰਾ ਅੰਮ੍ਰਿਤ-ਦਾਤਿ (ਸਿਮਰਨ-ਦਾਤਿ) ਪ੍ਰਾਪਤ ਕੀਤਿਆਂ ਹੀ ਪੂਰੀ ਗੁਰ-ਪਰਮੇਸ਼ਰੀ-ਕਲਾ ਵਰਤਦੀ ਹੈ। [ਭਾ: ਸਾ: ਰਣਧੀਰ ਸਿੰਘ ਲਿਖਤ "ਨਾਮ ਦਾ ਦਾਤਾ ਤੇ ਸਿਮਰਨ ਦਾਤਾ ਸਤਿਗੁਰੂ" ਚੋਂ



www.AKJ.Org

# ਸਾਕਾ ਸ੍ਰੀ ਚਮਕੌਰ ਸਾਹਿਬ

[ ਭਾਈ ਸਵਰਨ ਸਿੰਘ ਜੀ ਢੰਗਰਾਲੀ (ਰੋਪੜ) ]

ਸਤਾਧਾਰੀ ਅਧਰਮੀ ਅਤੇ ਸੱਚੇ ਧਰਮੀ ਪੁਰਸ਼ ਵਿਚਕਾਰ ਟੱਕਰ ਸ੍ਰਿਸ਼ਟੀ ਦੀ ਸਿਰਜਨਾ ਵੇਲੇ ਤੋਂ ਅਰੰਭ ਹੈ। ਜਾਂ ਇੰਜ ਕਹਿ ਲਈਏ ਕਿ ਬੁਰਿਆਈ ਅਤੇ ਚੰਗਿਆਈ ਦਾ ਮੁਢੋਂ ਹੀ ਆਪਸੀ ਵਿਰੋਧ ਚਲਿਆ ਆ ਰਿਹਾ ਹੈ। 'ਭਗਤੀ' ਬਗੈਰ ਸ਼ਕਤੀ ਮਨੁੱਖ ਨੂੰ ਅਹੰਕਾਰੀ, ਨਿਰਦਈ, ਕਾਮੀ ਅਤੇ ਅਤਿ ਦਾ ਜ਼ੁਲਮੀ ਬਣਾ ਦਿੰਦੀ ਹੈ। ਜਦੋਂ ਕਿ ਭਗਤੀ ਸ਼ਕਤੀ ਦੇ ਸੁਮੇਲ ਵਾਲਾ ਮਨੁੱਖ ਸਵੈ-ਵਿਸ਼ਵਾਸੀ ਤਾਂ ਬਣਦਾ ਏ, ਪਰ ਅਭਿਮਾਨੀ ਨਹੀਂ। ਸਵੈ-ਰੱਖਿਆ ਲਈ ਤਲਵਾਰ ਦੀ ਵਰਤੋਂ ਕਰ ਕੇ ਉਪਕਾਰ ਵੀ ਕਰਦਾ ਹੈ, ਪਰ ਦਇਆ-ਹੀਣ ਤੇ ਅਤਿਆਚਾਰੀ ਹਰਗਿਜ਼ ਨਹੀਂ ਬਣਦਾ। ਸਪਸ਼ਟ ਹੈ ਕਿ ਸ਼ਕਤੀ ਭਗਤੀ ਦਾ ਜੋੜ ਚੰਗਿਆਈ ਦਾ ਪ੍ਰਤੀਕ ਹੈ। ਸਿਰਫ਼ ਸ਼ਕਤੀ ਅਨੇਕਾਂ ਬੁਰਿਆਈਆਂ ਦੀ ਮਾਂ ਹੈ।

ਦਿੱਲੀ ਦੇ ਤਖ਼ਤ ਦੀ ਹਕੂਮਤ, ਅਥਾਹ ਸ਼ਕਤੀ ਦੇ ਮਾਲਕ ਔਰੰਗਜ਼ੇਬ ਨੇ ਸੰਭਾਲੀ। ਉਸ ਨੇ ਰਾਜ-ਗੱਦੀ ਲਈ, ਪਹਿਲਾਂ ਭਰਾਵਾਂ ਦਾ ਕਤਲ ਕੀਤਾ, ਫਿਰ ਪਿਤਾ ਸ਼ਾਹ ਜਹਾਨ ਨੂੰ ਕੈਦਖ਼ਾਨੇ ਚਿ ਬੰਦ ਕਰ ਦਿਤਾ, ਜੋ ਦੁਖ ਸਹਿ ਸਹਿ ਕੇ ਅੰਤ ਜੇਲ੍ਹ ਅੰਦਰ ਹੀ ਦੰਮ ਤੋੜ ਗਿਆ। ਇਨ੍ਹਾਂ ਕੁਕਰਮਾਂ ਤੇ ਪਰਦਾ ਪਾਉਣ ਲਈ ਉਸ ਨੇ ਮੁਸਲਿਮ ਧਰਮ ਦੇ ਪ੍ਰਚਾਰ ਦਾ ਢੌਂਗ ਰਚਿਆ। ਇਸ ਆੜ ਹੇਠਾਂ ਅਨੇਕਾਂ ਹਿੰਦੂ ਮੰਦਰ ਤੇ ਉਨ੍ਹਾਂ ਦੇ ਧਾਰਮਿਕ ਅਸਥਾਨ ਢਾਹ-ਢੇਰੀ ਕੀਤੇ ਗਏ। ਜਿਹੜਾ ਹਿੰਦੂ ਇਸਲਾਮ ਕਬੂਲ ਲੈਂਦਾ ਉਹ ਬਚ ਜਾਂਦਾ, ਬਾਕੀਆਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਜਾਂਦਾ। ਹਿੰਦੂ ਦੇਵੀਆਂ ਦੀ ਸਤ ਪਤ ਹਕੂਮਤ ਦੇ ਕਹਿਰ ਦਾ ਸ਼ਿਕਾਰ ਬਣ ਗਈ। ਸੰਤਾਂ, ਭਗਤਾਂ ਅਤੇ ਗੁਰੂਆਂ ਨੂੰ ਵੀ ਜ਼ੁਲਮ ਦੀ ਹਨੇਰੀ ਵਿਚੋਂ ਲੰਘਣਾ ਪਿਆ। ਸਰਮੱਦ, ਮਨਸੂਰ ਹੱਲਾਜ, ਸ਼ਹਾਬੁਦੀਨ ਸੁਹਰਾਵਰਦੀ ਮਕਤੂਲ, ਫਰੀਦੁੱਦੀਨ ਵਰਗੇ ਸੂਫ਼ੀ ਫ਼ਕੀਰਾਂ ਅਤੇ ਸਾਹਿਬ ਗੁਰੂ ਤੇਗ ਬਹਾਦਰ ਜੀ ਜਿਹੇ ਮਹਾਂ ਦਾਰਸ਼ਿਨਕਾਂ ਨੂੰ ਵੀ ਸ਼ਹੀਦ ਕੀਤਾ ਗਿਆ।

ਇਸ ਅਤਿ ਦੇ ਜ਼ੁਲਮੀ ਅਨਿਆਂ ਵਿਰੁਧ ਡਟਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਫ਼ੌਜ ਦੀ ਸਿਰਜਨਾ ਕੀਤ਼ੀ। ਸ੍ਰੀ ਅਨੰਦਪੁਰ ਸਾਹਿਬ ਵਿਖੇ ਅਤਿਆਚਾਰ ਵਿਰੁੱਧ ਜੂਝਣ ਲਈ ਕਿਲ੍ਹਿਆਂ ਦੀ ਉਸਾਰੀ ਕੀਤੀ ਗਈ। ਸਿੰਘਾਂ ਨੂੰ ਧਰਮ ਤੋਂ ਮਰ ਮਿਟਣ ਦੀ ਅਤੇ ਹਥਿਆਰਾਂ ਦੀ ਸਿਖਲਾਈ ਦਿਤੀ ਗਈ। ਅਜਿਹਾ ਕਰਨਾ ਨਾ ਹਿੰਦੁਸਤਾਨ ਦੇ ਗ਼ਦਾਰ ਬਾਈਧਾਰ ਦੇ ਪਹਾੜੀ ਰਾਜਿਆਂ ਨੂੰ ਭਾਉਂਦਾ ਸੀ ਅਤੇ ਨਾ ਹੀ ਦਿਲੀ ਦੀ ਹਕੂਮਤ ਬਰਦਾਸ਼ਤ ਕਰ ਸਕਦੀ ਸੀ।

**ਪਹਾੜੀ ਰਾਜਿਆਂ ਵਲੋਂ ਔਰੰਗਜ਼ੇਬ ਪਾਸ ਸ਼ਿਕਾਇਤ ਤੇ ਸ੍ਰੀ ਅਨੰਦਪੁਰ ਦਾ ਘੇਰਾ—**

ਗੁਰੂ ਜੀ ਦੇ ਵਿਰੁਧ ਬਾਦਸ਼ਾਹ ਔਰੰਗਜ਼ੇਬ ਨੂੰ ਭੜਕਾਉਣ ਲਈ ਪਹਾੜੀ ਰਾਜਿਆਂ ਨੇ ਇਕ ਚਿੱਠੀ ਲਿਖ ਕੇ ਭੇਜੀ। ਉਸ ਵਿਚ ਲਿਖਿਆ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸੈਨਿਕ ਸ਼ਕਤੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਉਹ ਸਿਖ ਸੰਗਤਾਂ ਵਿਚ ਬਾਦਸ਼ਾਹਾਂ ਵਾਂਗ ਕਲਗੀ ਲਗਾ ਕੇ ਦਰਬਾਰ ਸਜਾਉਂਦਾ ਹੈ। ਹਕੂਮਤ ਵਿਰੁੱਧ ਲੜ ਕੇ ਪਿਤਾ ਦਾ ਬਦਲਾ ਲੈਣ ਲਈ ਖਾਲਸਾ ਫੌਜ ਦੀ ਸਿਰਜਨਾ ਕਰ ਰਿਹਾ ਹੈ। ਅਨੇਕਾਂ ਸਿਰਲੱਥ ਸ਼ਰਧਾਲੂ ਉਸ ਪਾਸ ਇਕੱਤਰ ਹੋ ਗਏ ਹਨ। ਉਨ੍ਹਾਂ ਨੂੰ ਘੋੜ-ਸਵਾਰੀ ਅਤੇ ਮਾਰੂ ਸ਼ਸਤਰਾਂ ਦੀ ਵਿਉਂਤ-ਬੰਦ ਢੰਗ ਨਾਲ ਸਿਖਲਾਈ ਦਿਤੀ ਜਾਂਦੀ ਹੈ। ਆਪਣੀ ਸੁਰੱਖਿਆ ਲਈ ਕਿਲ੍ਹੇ ਉਸਾਰੇ ਗਏ ਹਨ। ਸਿੰਘਾਂ ਦੇ ਘੋੜੇ ਅਕਸਰ ਪਰਜਾ ਦੀਆਂ ਫ਼ਸਲਾਂ ਦਾ ਨੁਕਸਾਨ ਕਰਦੇ ਰਹਿੰਦੇ ਹਨ। ਸੋ ਛੇਤੀ ਤੋਂ ਛੇਤੀ ਸੰਭਾਲਣ ਦੀ ਲੋੜ ਹੈ ਅਤੇ ਦੁਸ਼ਮਣ ਨੂੰ ਤਾਕਤ ਵਿਚ ਆਉਣ ਤੋਂ ਪਹਿਲਾਂ ਹੀ ਖ਼ਤਮ ਕਰ ਦੇਣਾ ਚਾਹੀਦਾ ਹੈ।

ਉਪਰੋਕਤ ਚਿਠੀ ਜਦੋਂ ਬਾਦਸ਼ਾਹ ਦਿਲੀ ਪਾਸ ਪੁਜੀ ਤਾਂ ਉਹ ਗੁੱਸੇ ਤੇ ਕ੍ਰੋਧ ਨਾਲ ਭੱਖ ਉਠਿਆ। ਪਹਾੜੀ ਰਾਜਿਆਂ ਦੀ ਚੁਗਲੀ ਉਤੇ ਇਤਬਾਰ ਕਰ ਕੇ, ਬਿਨਾਂ ਕੋਈ ਖੋਜ-ਪੜਤਾਲ ਕੀਤਿਆਂ ਗੁਰੂ ਸਾਹਿਬ ਨੂੰ ਪਕੜਨ



www.AKJ.Org

ਲਈ ਜਰਨੈਲਾਂ ਨੂੰ ਹੁਕਮ ਕਰ ਦਿਤਾ। ਪੰਜਾਬ ਅਤੇ ਹੋਰ ਸੂਬੇਦਾਰਾਂ ਨੂੰ ਜਰਨੈਲਾਂ ਦੀ ਮਦਦ ਲਈ ਇਕ ਰੁਕਾ ਲਿਖ ਭੇਜਿਆ। ਭਾਈ ਰਤਨ ਸਿੰਘ ਭੰਗੂ ਲਿਖਦੇ ਹਨ–

'ਦਸ ਲਖ ਫੌਜ ਕਾਬਲ ਦਰੈ ਪਤਿ ਦਿੱਲੀ ਹੁਤੀ ਰਖਾਇ ॥
ਦੀਨੈ ਰੁੱਕੈ ਲਿਖ ਉਨੈ–ਪੜੇ ਗੁਰੂ ਪਰ ਧਾਇ ॥੧੪॥' ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੫੧-੫੨

ਸੂਬੇਦਾਰਾਂ, ਨਵਾਬਾਂ, ਜਰਨੈਲਾਂ ਅਤੇ ਪਹਾੜੀ ਰਾਜਿਆਂ ਰਲ ਕੇ ਸ੍ਰੀ ਅਨੰਦਪੁਰ ਸਾਹਿਬ ਨੂੰ ਜਾ ਘੇਰਿਆ। ਘੇਰਾ ਕਾਫ਼ੀ ਸਮਾਂ ਚਲਦਾ ਰਿਹਾ। ਸ਼ਾਹੀ ਫ਼ੌਜਾਂ ਸਿੰਘਾਂ ਦੀ ਮਾਰ ਹੇਠਾਂ ਸਨ, ਜਿਸ ਕਾਰਨ ਉਨ੍ਹਾਂ ਨੂੰ ਕਾਫ਼ੀ ਜਾਨੀ ਮਾਲੀ ਨੁਕਸਾਨ ਉਠਾਉਣਾ ਪਿਆ। ਗੁਰੂ ਜੀ ਅਨੰਦਗੜ੍ਹ ਕਿਲ੍ਹੇ ਅੰਦਰ ਮਜ਼ਬੂਤ ਕਿਲ੍ਹੇ-ਬੰਦੀ ਕਰੀ ਸੁਰੱਖਿਅਤ ਬੈਠੇ ਸਨ। ਪਰ ਲੰਗਰ ਲਈ ਰਸਦਾਂ ਆਉਣੀਆਂ ਬੰਦ ਹੋ ਚੁਕੀਆਂ ਸਨ।

**ਸ੍ਰੀ ਅਨੰਦਪੁਰ ਸਾਹਿਬ ਛੱਡਣਾ ਤੇ ਕੱਚੀ ਹਵੇਲੀ ਵਿਚ ਡੇਰੇ :–**

੬ ਅਤੇ ੭ ਪੋਹ ਸੰਮਤ ੧੭੬੨ ਬਿਕ੍ਰਮੀ (੫-੬ ਦਸੰਬਰ ਸੰਨ ੧੭੦੫ ਈ:) ਦੀ ਅੱਧੀ ਰਾਤ ਵੇਲੇ ਗੁਰੂ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਸਿੰਘਾਂ ਸਮੇਤ ਛੱਡ ਦਿਤਾ। ਗੁਰੂ ਜੀ ਅਜੇ ੮ ਕੁ ਕਿਲੋਮੀਟਰ ਹੀ ਆਏ ਸਨ ਕਿ ਸ਼ਾਹੀ ਫੌਜਾਂ ਨੇ ਹੱਲਾ ਕਰ ਦਿਤਾ। ਇਸ ਹਮਲੇ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੇ ਜਥੇ ਨੇ ਰੋਕਿਆ। ਗੁਰੂ ਸਾਹਿਬ ਨੇ ਸ਼ਾਹੀ ਟਿੱਬੀ ਤੇ ਖਲੋ ਕੇ ਵੇਖਿਆ ਅਤੇ ਭਾਈ ਉਦੈ ਸਿੰਘ ਨੂੰ ਕੋਲ ਬੁਲਾ ਕੇ ਵਧਦੀ ਫੌਜ ਨੂੰ ਰੋਕਣ ਲਈ ਹੁਕਮ ਦਿਤਾ। ਭਾਈ ਕੋਇਰ ਸਿੰਘ ਲਿਖਦੇ ਹਨ :–

ਕੀਰਤਪੁਰ ਤੇ ਲੈ ਯੁਧ ਜਬ ਹੋਈ ॥ ਮਗ ਮੈ ਹੋਤ ਜਾਤ ਹੈ ਸੋਈ ॥
ਤਾ ਕੋ ਪੇਖ ਗੁਰੂ ਜੀ ਭਾਯੋ ॥ ਉਦੈ ਸਿੰਘ ਕੋ ਨਿਕਟ ਬੁਲਾਯੋ ॥੩॥੪੮॥
ਸਜਾਹੀ ਟਿੱਬੀ ਆਨ ਕੇ ਖੜੇ ਭਏ ਤਿਹ ਠਾਮ ॥ ਰਾਜੇ ਅਵਰ ਮਲੇਛ ਸਬ ਨਿਕਟ ਪਹੁੰਚੇ ਆਨ ॥
ਉਦੈ ਸਿੰਘ ਲਲਕਾਰ ਕੈ, ਖੁਸ਼ੀ ਕਰੀ ਕਰਤਾਰ ॥ ਸਫਲ ਜਨਮ ਇਨਕਾ ਭਯੋ ਦੂਤਨ ਕਰੋ ਸੰਘਾਰ ॥
(ਗੁ: ਬਿ: ਪਾ: ੧੦, ਪੰਨਾ ੧੯੫)

ਭਾਈ ਉਦੇ ਸਿੰਘ ਦੇ ਜਥੇ ਨੇ ਹੜ ਵਾਂਗ ਵਧਦੇ ਵੈਰੀ ਦਲ ਨਾਲ ਟਾਕਰਾ ਕਰਦਿਆਂ ਰੋਕੀ ਰਖਿਆ ਅਤੇ ਅੰਤ ਘਮਸਾਨ ਦਾ ਜੁਧ ਕਰਦੇ ਕਰਦੇ ਸ਼ਹਾਦਤ ਪ੍ਰਾਪਤ ਕੀਤੀ। ਹੁਣ ਤੱਕ ਗੁਰੂ ਸਾਹਿਬ ਸਰਸਾ ਨਦੀ ਪਾਰ ਕਰ ਕੇ ਕਾਫ਼ੀ ਅੱਗੇ ਲੰਘ ਚੁਕੇ ਸਨ। ਸਰਸਾ ਨਦੀ ਪਾਰ ਕਰਨ ਵੇਲੇ ਨਦੀ ਜ਼ੋਰਾਂ ਤੇ ਚਲ ਰਹੀ ਸੀ, ਜਿਸ ਕਾਰਨ ਅਨੇਕਾਂ ਸਿੰਘਾਂ ਅਤੇ ੫੨ ਕਵੀਆਂ ਵਲੋਂ ਲਿਖਿਆ ਮਹਾਨ ਪਵਿਤ੍ਰ "ਵਿਦਿਆਧਰ" ਗ੍ਰੰਥ ਵੀ ਉਸ ਦੀ ਭੇਟ ਚੜ੍ਹ ਗਿਆ। ਅਗੋਂ ਰੋਪੜ ਦੇ ਰੰਘੜਾਂ ਨੇ ਸਿੰਘਾਂ ਉਤੇ ਹਮਲਾ ਕਰ ਦਿਤਾ। ਉਹ ਤਾਂ ਇਥੋਂ ਤਕ ਈਮਾਨੋਂ ਡਿਗ ਗਏ ਕਿ ਸਿੰਘਾਂ ਨੂੰ ਘਰਾਂ ਦੇ ਅੰਦਰ ਵਾੜ ਵਾੜ ਕਤਲ ਕਰ ਦਿਤਾ।‡

ਇਸ ਹਫੜਾ ਤਫੜੀ ਵਿਚ ਗੁਰੂ ਪ੍ਰਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਦੋਨੋਂ ਮਹਿਲਾਵਾਂ ਮਾਤਾ ਸੁੰਦਰ ਕੌਰ ਤੇ ਸਾਹਿਬ ਕੌਰ ਨੂੰ ਗੁਰੂ ਜੀ ਨੇ ਭਾਈ ਮਨੀ ਸਿੰਘ ਤੇ ਜਵਾਹਰ ਸਿੰਘ ਦੇ ਸਾਥ ਦਿੱਲੀ ਵੱਲ ਘੱਲ ਦਿਤਾ। ਘੋਰ ਹਨੇਰੀ ਪੋਹ ਦੀ ਠੰਡੀ-ਠਾਰ ਰਾਤ ਵਿਚ ਜਿਥੇ ਹੱਥ ਮਾਰਿਆਂ ਦਿਖਾਈ ਨਹੀਂ ਸੀ ਦਿੰਦਾ, ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਜੋਰਾਵਰ ਸਿੰਘ ਅਤੇ ਫ਼ਤਹ ਸਿੰਘ ਗੁਰੂ ਜੀ ਤੋਂ ਵਿਛੜ ਗਏ। ਗੁਰੂ ਸਾਹਿਬ ਆਪ ਦੋ ਵੱਡੇ ਸਾਹਿਬਜ਼ਾਦਿਆਂ ਅਤੇ ਕੁਝ ਸਿੰਘਾਂ ਦੇ ਸਾਥ ਕੋਟਲਾ ਨਿਹੰਗ, ਦੁਲਚੀ ਮਾਜਰਾ ਅਤੇ ਬੂਰ ਮਾਜਰੇ ਰਾਹੀਂ ਚਮਕੌਰ ਸਾਹਿਬ ਆ ਪੁਜੇ। ਪਹਿਲਾਂ ਬਾਗ ਵਿਚ ਉਤਾਰਾ ਕੀਤਾ। ਫਿਰ ਚੌਧਰੀ ਗਰੀਬੂ ਜ਼ਿਮੀਦਾਰ ਦੀ ਬੇਨਤੀ ਤੇ ਕੱਚੀ ਹਵੇਲੀ ਵਿਚ ਜਾ ਬੈਠੇ। ਉਸ ਨੂੰ ਗੜ੍ਹੀ ਦਾ ਰੂਪ ਦੇ ਕੇ ਵੈਰੀ ਨੂੰ ਉਡੀਕਣ ਲਗੇ। ਭਾਈ ਕੋਇਰ ਸਿੰਘ ਕਥਨ ਕਰਦੇ ਹਨ :–

---

‡ ਤੇ ਹੁਤੇ ਨੌਕਰ ਥੇ ਸਤਿਗੁਰ ਘਣੇ ॥ ਪਾਵਨ ਇਨਾਮ ਸੋਊ ਅਣਗਿਣੇ ॥
ਘੋੜੇ ਜੋੜੇ ਉਨ ਦੇਤ ਇਨਾਮ ॥ ਭਏ ਬੇਈਮਾਨ ਨ ਆਏ ਕਾਮ ॥੫੨॥ (ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੫੪)



www.AKJ.Org

ਬਾਗ ਦੇਖ ਉਤਰੇ ਤਹਾਂ, ਨਿਕਟ ਗ੍ਰਾਮ ਚਮਕੌਰ ॥੬॥੫॥......

ਕਰ ਜੋੜ ਬਹੁ ਬਿਨਤਿ ਉਚਾਰੀ ॥ ਚਲੋ ਮਧਿ ਚਮਕੌਰ ਸਿਧਾਰੀ ॥ [ਗੁ: ਬਿ: ਪਾ:੧੦, ਪੰਨਾ ੧੯੫

ਗੁਰੂ ਜੀ ਨੇ ਬੜੀ ਸੂਝ ਬੂਝ ਅਤੇ ਜੰਗੀ ਦ੍ਰਿਸ਼ਟੀਕੋਣ ਤੋਂ ਇਸ ਹਵੇਲੀ ਵਿਚ ਮੋਰਚੇ-ਬੰਦੀ ਕੀਤੀ। ਇਹ ਉਚੀ ਥਾਂ ਉਤੇ ਬਣੀ ਹੋਈ ਸੀ, ਜਿਥੋਂ ਦੁਸ਼ਮਣ ਨੂੰ ਮਾਰ ਥੱਲੇ ਲਿਆ ਕੇ ਪਿਛਾਂਹ ਧੱਕਿਆ ਜਾ ਸਕਦਾ ਸੀ। ਸ਼ਾਹੀ ਫੌਜਾਂ ਭੀ ਪਿੱਛਾ ਕਰਦੀਆਂ ਤੂਫਾਨ ਵਾਂਗ ਆ ਉਤਰੀਆਂ। ਚਮਕੌਰ ਦੀ ਧਰਤੀ ਵਿਚ ਕੋਹਾਂ ਤਕ ਫੌਜਾਂ ਹੀ ਫੌਜਾਂ ਦਿਖਾਈ ਦਿੰਦੀਆਂ ਸਨ।

**੭ ਪੋਹ ਦਾ ਯੁਧ :–**

੭ ਪੋਹ ੧੭੬੨ ਬਿਕ੍ਰਮੀ (੬ ਦਸੰਬਰ ੧੭੦੫ ਈ:) ਵਾਲੇ ਦਿਨ ਚਮਕੌਰ ਸਾਹਿਬ ਦੀ ਧਰਤੀ ਉਤੇ ਘਮਸਾਨ ਦਾ ਯੁਧ ਰਚਿਆ ਜਾ ਰਿਹਾ ਸੀ। ਇਕ ਪਾਸੇ ਸਤਿਗੁਰੂ ਜੀ ਕੱਚੀ ਹਵੇਲੀ ਅੰਦਰ ਸਨ। ਉਨ੍ਹਾਂ ਨਾਲ ਸਿੰਘਾਂ ਦੀ ਗਿਣਤੀ ਸਿਰਫ਼ ਚਾਲੀ ਸੀ। "ਜ਼ਫਰਨਾਮੇ" ਵਿਚ ਪਾਤਸ਼ਾਹ ਆਪ ਲਿਖਦੇ ਹਨ :–

'ਗੁਰਸਨਹ ਚਿ ਕਾਰੇ ਕੁਨਦ ਚਿਹਲ ਨਰ ॥ ਕਿ ਦਹ ਲਕ ਬਰਾਯਦ ਬਰੋ ਬੇ-ਖ਼ਬਰ ॥੧੯॥

ਅਰਥਾਤ, ਭੁਖਣ-ਭਾਣੇ ਚਾਲੀ ਆਦਮੀ ਕੀ ਕਰ ਸਕਦੇ ਹਨ, ਜੇ ਉਨ੍ਹਾਂ ਉਤੇ ਦਸ ਲਖ ਫੌਜ ਅਚਨਚੇਤ ਟੁਟ ਪਵੇ।

ਸੌ ਸਾਖੀ ਦਾ ਕਰਤਾ ਵੀ ਇਸ ਦੀ ਪੁਸ਼ਟੀ ਇਉਂ ਕਰਦਾ ਹੈ :–

"ਚਾਲੀਸ ਸਿਖ ਸੰਗ, ਛੁਟੇ ਰੈਨ ਸਾਰਾ ॥......

ਲੜੇ ਚਮਕੌਰ ਫੌਜ ਆਈ ਦਸ ਲਾਖ ॥" (ਸੌ ਸਾਖੀ)

ਦੂਜੇ ਪਾਸੇ ੧੦ ਲੱਖ ਫੌਜ ਸੀ ਜਿਸ ਦੀ ਪੁਸ਼ਟੀ ਉਪਰੋਕਤ ਪ੍ਰਮਾਣ ਕਰਦੇ ਹਨ। ਸ਼ਾਹੀ ਫੌਜ ਦੇ ਮੁਖ ਆਗੂ ਸਨ : ਜਰਨੈਲ ਭੂਰੇ ਖਾਂ, ਇਸਮਾਇਲ ਖਾਂ, ਗ਼ੈਰਤ ਖਾਂ ਅਤੇ ਸੁਲਤਾਨ ਖਾਂ ਦਿਲੀ ਵਲੋਂ, ਤਿੰਨ ਸੂਬੇਦਾਰ ਜ਼ਬਰਦਸਤ ਖਾਂ, ਦਲੇਰ ਖਾਂ ਤੇ ਵਜ਼ੀਰ ਖਾਂ; ਪੰਜੇ ਮਲੇਰਕੋਟੀਏ ਜਰਨੈਲ ਨਾਹਰ ਖਾਂ, ਨੁਸਰਤ ਖਾਂ, ਵਲੀ ਮੁਹੰਮਦ (ਤਿੰਨੋਂ ਸਕੇ ਭਰਾ), ਖ਼ਵਾਜਾ ਖਿਜਰ ਅਤੇ ਸ਼ੇਰ ਮੁਹੰਮਦ (ਦੋਨੋਂ ਭਰਾ)। ਇਨ੍ਹਾਂ ਤੋਂ ਇਲਾਵਾ ਅਫਗਾਨ ਖਾਂ ਅਤੇ ਪਹਾੜੀ ਰਾਜੇ ਸਨ। ਅਜਿਹਾ ਅਸੰਤੁਲਨ ਜੰਗੀ ਟਾਕਰਾ ਦੁਨੀਆ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦਾ ਕਿ ਇਕ ਪਾਸੇ ਸਿਰਫ਼ ੪੦ ਸੈਨਿਕ ਅਤੇ ਦੂਜੇ ਪਾਸੇ ਲੱਖਾਂ ਦੀ ਗਿਣਤੀ ਵਿਚ ਫੌਜ ਹੋਵੇ।

ਗੁਰੂ ਜੀ ਇੰਨੀ ਫੌਜ ਦੇਖ ਕੇ ਨਾ ਹੀ ਘਾਬਰੇ ਅਤੇ ਨਾ ਹੀ ਆਤਮ-ਸਮਰਪਣ ਕੀਤਾ, ਬਲਕਿ ਜੂਝ ਕੇ ਸ਼ਹੀਦ ਹੋਣ ਨੂੰ ਪਹਿਲ ਦਿਤੀ। ਇਹ ਗੁਰੂ ਤੇ ਗੁਰੂ ਖਾਲਸੇ ਦਾ ਨਿਡਰਤਾ, ਹੌਸਲੇ, ਦਲੇਰੀ ਅਤੇ ਸੂਰਮਤਾਈ ਦਾ ਸਬੂਤ ਸੀ। ਦੋਨਾਂ ਪਾਸਿਆਂ ਤੋਂ ਸੂਰਮੇ ਜੁਧ ਲਈ ਨਿਤਰ ਰਹੇ ਸਨ। ਮੁਸਲਮ ਫ਼ੌਜ 'ਅਲੀ ਅਲੀ' ਦੇ ਨਾਹਰੇ ਮਾਰਦੀ ਗੜ੍ਹੀ ਵੱਲ ਤੂਫ਼ਾਨ ਵਾਂਗ ਵਧ ਰਹੀ ਸੀ। ਉਨ੍ਹਾਂ ਨੂੰ ਇਉਂ ਲਗਦਾ ਸੀ ਜਿਵੇਂ ਥੋੜੀ ਜਿਹੀ ਲੜਾਈ ਨਾਲ ਹੀ ਹਵੇਲੀ ਸਰ ਹੋ ਜਾਵੇਗੀ। ਪਰ ਉਨ੍ਹਾਂ ਦਾ ਜੋਸ਼ ਭਰਿਆ ਤੂਫ਼ਾਨ ਉਦੋਂ ਠੰਡਾ ਹੋ ਗਿਆ ਜਦੋਂ ਗੜ੍ਹੀ ਦੇ ਅੰਦਰੋਂ ਤੀਰਾਂ ਦੀ ਬਰਖਾ ਸ਼ੁਰੂ ਹੋਈ। ਸਤਿਗੁਰਾਂ ਨੇ ਤੀਰਾਂ ਦੀ ਬੁਛਾੜ ਐਸੀ ਯੋਜਨਾ ਨਾਲ ਅਰੰਭ ਕੀਤੀ ਕਿ ਵੈਰੀ ਦਲ ਅਗੇ ਵਧਣੋਂ ਰੁਕ ਗਿਆ ਅਤੇ ਅੰਤ ਨੂੰ ਪਿਛੇ ਹਟਣ ਲਈ ਮਜਬੂਰ ਹੋਣਾ ਪਿਆ। ਪੈਸੇ ਦੀ ਖ਼ਾਤਰ ਨੌਕਰ ਤਨਖ਼ਾਹਦਾਰ ਸਿਪਾਹੀ ਮੌਤ ਦੇ ਸਾਹਮਣੇ ਕਿੰਨੀ ਕੁ ਦੇਰ ਡਟ ਸਕਦੇ ਸਨ, ਜਦੋਂਕਿ ਦੂਜੇ ਪਾਸੇ ਸਿਰਲੱਥ ਜੋਧੇ ਸਿੰਘ ਮੌਤ-ਲਾੜੀ ਨੂੰ ਵਰਨ ਲਈ ਅਤੇ ਧਰਮ ਤੋਂ ਕੁਰਬਾਨ ਹੋਣ ਲਈ ਪ੍ਰਣ ਲਈ ਬੈਠੇ ਸਨ। ਸ਼ਾਹੀ ਫ਼ੌਜਾਂ ਨੇ ਗੜ੍ਹੀ ਅੰਦਰ ਪੁਜਣ ਲਈ ਪੌੜੀ ਲਾ ਕੇ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ, ਪਰ ਅੰਦਰਲੀ ਤੀਰਾਂ ਦੀ ਮਾਰ ਨੇ ਉਨ੍ਹਾਂ ਦੀ ਇਸ ਵਿਉਂਤ ਨੂੰ ਅਸਫਲ ਬਣਾ ਦਿਤਾ। ਜਰਨੈਲ ਨਾਹਰ ਖਾਂ ਇਨ੍ਹਾਂ ਜਤਨਾਂ ਵਿਚ ਮਾਰਿਆ ਗਿਆ ਅਤੇ ਖ਼ਵਾਜਾ ਖ਼ਿਜਰ ਕੰਧ ਦੀ ਓਟ ਲੈ ਕੇ ਬਚ ਗਿਆ।



www.AKJ.Org

ਸਤਿਗੁਰੂ ਜੀ ਲਿਖਦੇ ਹਨ ਕਿ ਜੇਕਰ ਉਹ ਸਾਹਮਣੇ ਹੁੰਦਾ ਤਾਂ ਇਕ ਤੀਰ ਉਸ ਨੂੰ ਵੀ ਬਖ਼ਸ਼ ਦਿੰਦੇ। ਅਫ਼ਗਾਨ ਖਾਂ ਵੀ ਜੰਗ ਅੰਦਰ ਮਾਰਿਆ ਗਿਆ। ਸਤਿਗੁਰੂ ਜੀ ਇਸ ਘਟਨਾ ਨੂੰ ਇਉਂ ਬਿਆਨ ਕਰਦੇ ਹਨ–

*ਚੁ ਦੀਦਮ ਕਿ ਨਾਹਰ ਬਿਯਾਮਦ ਬ-ਜੰਗ ॥ ਚਸ਼ੀਦਹ ਯਕੇ ਤੀਰਿ ਮਨ ਬੇਦਰੰਗ ॥੨੯॥
†ਬਸੇ ਹਮਲਹ ਕਰਦਹ ਬਸੇ ਜ਼ਖ਼ਮ ਖ਼ੁਰਦ ॥ ਦੋ ਕਸ ਰਾ ਬਜਾਂ ਕੁਸ਼ਤੁ ਹਮ ਜਾ ਸੁਪੁਰਦ ॥੩੩॥
‡ਕਿ ਆਂ ਖ੍ਵਾਜਹ ਮਰਦੂਦ ਸਾਯਾ-ਏ ਦੀਵਾਰ ॥ ਨਯਾਮਦ ਬ-ਮੈਦਾਂ ਬ-ਮਰਦਾਨਾ ਵਾਰ ॥੩੪॥

[ਜ਼ਫ਼ਰਨਾਮਾ]

ਜਦੋਂ ਅੰਦਰ ਤੀਰਾਂ ਦੀ ਥੁੜ ਭਾਸਣ ਲਗੀ ਤਾਂ ਸਿੰਘ ਪੰਜ ਪੰਜ ਦੇ ਜਥੇ ਬਣਾ ਕੇ ਤਲਵਾਰਾਂ ਤੇ ਨੇਜਿਆਂ ਨਾਲ ਲੈਸ ਹੋ, ਘੋੜਿਆਂ ਨੂੰ ਛੇੜ 'ਸਤਿ ਸ੍ਰੀ ਅਕਾਲ' ਦੇ ਨਾਹਰੇ ਗੂੰਜਾਉਂਦੇ ਹਵੇਲੀਓਂ ਨਿਕਲਦੇ, ਮੈਦਾਨ ਵਿਚ ਦੁਸ਼ਮਨ ਨਾਲ ਲੋਹਾ ਲੈਂਦੇ ਅਤੇ ਅਨੇਕਾਂ ਨੂੰ ਮੌਤ ਦੇ ਹਵਾਲੇ ਕਰ ਕੇ, ਅੰਤ ਸ਼ਹੀਦ ਹੋ ਜਾਂਦੇ। ੭ ਪੋਹ ਨੂੰ ਸਾਰਾ ਦਿਨ ਲਹੂ-ਡੋਲ੍ਹਵੀਂ ਲੜਾਈ ਹੁੰਦੀ ਰਹੀ, ਕੋਈ ਜਿਤ ਹਾਰ ਦਾ ਫ਼ੈਸਲਾ ਨਾ ਹੋਇਆ। ਲਗਪਗ ਅੱਧੇ ਕੁ ਸਿੰਘ ਸ਼ਹੀਦ ਹੋ ਚੁਕੇ ਸਨ। ਸੂਰਜ ਢਲਦਿਆਂ ਰਾਤ ਦਾ ਹਨੇਰਾ ਛਾ ਗਿਆ ਅਤੇ ਲੜਾਈ ਬੰਦ ਹੋ ਗਈ। ਫ਼ੌਜਾਂ ਆਪੋ ਆਪਣੇ ਠਿਕਾਣਿਆਂ ਤੇ ਚਲੀਆਂ ਗਈਆਂ।

## ੮ ਪੋਹ ਦੀ ਲੜਾਈ :–

ਇਕ ਪਾਸੇ ਰਾਤ ਭਰ ਵੈਰੀ-ਦਲ ਗੋਂਦਾਂ ਗੁੰਦਦਾ ਰਿਹਾ। ਉਹ ਚਾਹੁੰਦਾ ਸੀ ਕਿ ਗੁਰੂ ਜੀ ਜੀਂਦੇ ਸਾਡੇ ਹੱਥ ਆ ਜਾਣ ਅਤੇ ਅਸੀਂ ਬਾਦਸ਼ਾਹ ਤੋਂ ਮੂੰਹ-ਮੰਗਿਆ ਇਨਾਮ ਹਾਸਲ ਕਰੀਏ। ਪਰ ਜਿਹੜਾ ਫ਼ਿਕਰ ਉਨ੍ਹਾਂ ਨੂੰ ਵਢ ਵਢ ਖਾਂਦਾ ਸੀ ਉਹ ਇਹ ਸੀ ਕਿ ਇਕ ਕੱਚੀ ਹਵੇਲੀ ਵਿਚ ਗਿਣਵੇਂ ਸਿੰਘ ਹਨ, ਉਹ ਸਾਥੋਂ ਲੱਖਾਂ ਤੋਂ ਪੂਰੇ ਇਕ ਦਿਨ ਲੜਾਈ ਵਿਚ ਮਾਰੇ ਨਹੀਂ ਜਾ ਸਕੇ। ਦੂਜੇ ਪਾਸੇ ਸਤਿਗੁਰੂ ਜੀ ਗਿਣਤੀ ਦੇ ਸਿੰਘਾਂ ਅਤੇ ਦੋਹਾਂ ਸਾਹਿਬਜ਼ਾਦਿਆਂ ਦੇ ਹੌਸਲੇ ਬਲੰਦ ਕਰ ਰਹੇ ਸਨ––ਸਿੰਘੋ, ਮਨੁੱਖ ਸਿਮਰਨ ਕਰਨ ਅਤੇ ਜ਼ੁਲਮ ਵਿਰੁੱਧ ਜੂਝਣ ਲਈ ਹੀ ਪੈਦਾ ਹੁੰਦਾ ਹੈ, ਇਸ ਦੀ ਅਸਲੀ ਜ਼ਿੰਦਗੀ ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਦੀ ਅਜ਼ਾਦੀ ਲਈ ਮਰ-ਮਿਟਣ ਵਿਚ ਹੀ ਹੈ। ਸਰੀਰ ਬਿਨਸਣਹਾਰ ਹੈ। ਇਸ ਨੂੰ ਧਰਮ ਤੋਂ ਕੁਰਬਾਨ ਕਰ ਦੇਣਾ ਹੀ ਸਦੀਵੀ ਜ਼ਿੰਦਗੀ ਹੈ। ਨਿਰਭੈਤਾ ਤੇ ਅਣਖ ਵਿਚ ਵਿਚਰਨਾ ਹੀ ਸਿਖ ਦਾ ਉਦੇਸ਼ ਹੈ। ਸਤਿਗੁਰੂ ਜੀ ਨੇ ਹੌਸਲੇ ਤੇ ਨਿਰਭੈਤਾ ਨਾਲ ਵਾਹਿਗੁਰੂ ਦਾ ਸ਼ੁਕਰ ਕਰਦਿਆਂ ਰਾਤ ਬਿਤਾਈ। ਅੱਲਾ ਯਾਰ ਖਾਂ ਜੋਗੀ ਲਿਖਦਾ ਹੈ :–

ਵਾਹਿਗੁਰੂ ਵਾਹਿਗੁਰੂ ਹੈ, ਮੂੰਹ ਸੇ ਨਿਕਲਤਾ ॥
ਹੈ ਤੂੰ ਹੀ ਤੂੰ, ਤੂੰ ਹੀ ਤੂੰ, ਮੂੰਹ ਸੇ ਨਿਕਲਤਾ ॥

੮ ਪੋਹ ਦਾ ਸੂਰਜ ਚੜ੍ਹਦਿਆਂ ਹੀ ਲੜਾਈ ਫਿਰ ਅਰੰਭ ਹੋ ਗਈ। 'ਅਲੀ ਅਲੀ' ਤੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਅਕਾਸ਼ ਵਿਚ ਗੂੰਜ ਰਹੇ ਸਨ। ਸੂਰਮੇ ਆਪਣਾ ਬਚਾਅ ਕਰ ਕੇ ਦੁਸ਼ਮਣ ਉਤੇ ਖ਼ਤਰਨਾਕ ਵਾਰ ਤੇ ਵਾਰ ਕਰ ਰਹੇ ਸਨ। ਧਰਤੀ ਉਤੇ ਲੋਥਾਂ ਦੇ ਢੇਰ ਲਗ ਰਹੇ ਸਨ। ਜ਼ਖ਼ਮੀ ਸਿਪਾਹੀ ਤਕਲੀਫ਼ ਨਾਲ ਤੜਫ ਰਹੇ ਸਨ। ਘੋੜੇ ਉਨ੍ਹਾਂ ਨੂੰ ਸੁੰਮਾਂ ਥਲੇ ਲਿਤਾੜ ਰਹੇ ਸਨ। ਕਰਾਹ ਰਹੇ ਸਿਪਾਹੀਆਂ ਦਾ ਖ਼ੂਨ ਪਰਨਾਲਿਆਂ ਵਾਂਗ ਵਹਿ ਰਿਹਾ ਸੀ ਅਤੇ ਧਰਤੀ ਲਾਲ ਹੀ ਲਾਲ ਦਿਸ ਰਹੀ ਸੀ। ਅਸਮਾਨ ਮਿੱਟੀ ਘਟੇ ਦੇ ਤੂਫ਼ਾਨ ਸਦਕਾ ਗਹਿਰਾ ਤੇ ਧੁੰਧਲਾਇਆ ਜਾਪਦਾ ਸੀ।

---

* ਨਾਹਰ ਖ਼ਾਂ ਨੂੰ ਜਦੋਂ ਮੈਂ ਮੈਦਾਨੇ ਜੰਗ ਵਿਚ ਵੇਖਿਆ ਤਾਂ ਫ਼ੌਰਨ ਹੀ ਉਸ ਨੇ ਮੇਰੇ ਤੀਰ ਦਾ ਸੁਆਦ ਚਖਿਆ, ਭਾਵ, ਤੀਰ ਖਾ ਕੇ ਉਸੇ ਵੇਲੇ ਹੀ ਚਿਤ ਹੋ ਗਿਆ।੨੯।

† ਉਸ (ਇਕ ਹੋਰ ਪਠਾਣ ਨੇ) ਕਈ ਹਮਲੇ ਕੀਤੇ ਅਤੇ ਆਪ ਵੀ ਕਈ ਜ਼ਖ਼ਮ ਖਾਧੇ। ਦੋ ਬੰਦਿਆਂ ਨੂੰ ਉਸ ਨੇ ਮਾਰ ਮੁਕਾਇਆ ਅਤੇ ਅੰਤ ਨੂੰ ਆਪ ਵੀ ਮੌਤ ਦੇ ਹਵਾਲੇ ਹੋ ਗਿਆ।੩੩।

‡ ਉਹ ਮਰਦੂਦ ਖ੍ਵਾਜਾ ਜ਼ਫ਼ਰਬੇਗ ਕੰਧ ਦੇ ਓਹਲੇ ਵਿਚ ਹੀ (ਲੁਕਿਆ) ਰਿਹਾ। ਉਹ ਬਹਾਦਰ ਜੁਆਨਾਂ ਵਾਂਗ ਮੈਦਾਨੇ ਜੰਗ ਵਿਚ ਸਾਹਮਣੇ ਨਾ ਹੋਇਆ।


www.AKJ.Org

ਇਸ ਸਮੇਂ ਗੜ੍ਹੀ ਵਿਚ ਗੁਰੂ ਜੀ ਦਾ ਵੱਡਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਪਿਤਾ ਤੋਂ ਮੈਦਾਨੇ ਜੰਗ ਵਿਚ ਜੂਝਣ ਦੀ ਆਗਿਆ ਮੰਗ ਰਿਹਾ ਹੈ। ਪਿਤਾ ਨੇ ਹੱਥੀਂ ਪੁਤਰ ਨੂੰ ਘੋੜ-ਸਵਾਰ ਕਰਕੇ ਜੰਗ ਨੂੰ ਇਹ ਕਹਿ ਕੇ ਤੋਰਿਆ, "ਪੁਤਰ, ਖਿੜੇ ਮੱਥੇ ਕੁਰਬਾਨ ਹੋਣਾ, ਪਿੱਠ ਨਹੀਂ ਦਿਖਾਉਣੀ।" ਕੁਝ ਸਿੰਘਾਂ ਦੇ ਜਥੇ ਨੂੰ ਨਾਲ ਲੈ ਕੇ ਸਾਹਿਬਜ਼ਾਦਾ ਮੈਦਾਨੇ ਜੰਗ ਵਿਚ ਜੈਕਾਰੇ ਗੂੰਜਾਉਂਦਾ ਆ ਨਿਤਰਿਆ। ਗੁਰੂ ਜੀ ਦਾ ਸਮਕਾਲੀ ਕਵੀ, ਕਵੀ ਸੈਨਾਪਤਿ ਲਿਖਦਾ ਹੈ :–

ਭਈ ਅਸ ਵਾਜ ਅਬ ਜਾਹ ਰਣਜੀਤ ਸਿੰਘ* ਤੁਮ ਕਰਹੁ ਸੰਗ੍ਰਾਮ ਦੂਤਨ ਸੰਘਾਰੋ ॥
ਖੁਸੀ ਤਾ ਹੀ ਸਮੈ ਲਈ ਗੁਰਦੇਵ ਸੋ ਆਨ ਰਨ ਮਾਹਿ ਦਲ ਕੋ ਨਿਹਾਰੋ ॥
[ਸ੍ਰੀ ਗੁਰੂ ਸੋਭਾ, ਪੰਨਾ ੭੭]

ਭਾਈ ਕੋਇਰ ਸਿੰਘ ਲਿਖਦੇ ਹਨ :–

"ਏਕ ਅਜੀਤ ਸਿੰਘ ਬਲਵਾਨਾ ॥ ਜਾਸ ਕੰਨਿਆ ਕੋ ਮਨ ਮਾਨਾ ॥ ਗੁਰ ਬਿਲਾਸ ਪਾ: ੧੦, ਪੰਨਾ ੨੦੦

ਮੈਦਾਨ ਵਿਚ ਵੈਰੀਆਂ ਦੇ ਆਹੂ ਲਾਹੁੰਦਿਆਂ ਅਨੇਕਾਂ ਜ਼ਖ਼ਮ ਬਾਬਾ ਅਜੀਤ ਸਿੰਘ ਜੀ ਦੇ ਸਰੀਰ ਉਤੇ ਲਗੇ। ਇਉਂ ਸੂਰਬੀਰਾਂ ਵਾਂਗ ਲੜਦਿਆਂ ਲੜਦਿਆਂ ਅੰਤ ਨੂੰ ਸ਼ਹੀਦੀ ਜਾਮ ਪ੍ਰਾਪਤ ਕਰ ਕੇ, ਸਦਾ ਲਈ ਅਮਰ ਹੋ ਗਿਆ।

ਵੱਡੇ ਵੀਰ ਦੀ ਸ਼ਹਾਦਤ ਵੇਖ ਕੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਵੈਰੀ ਨਾਲ ਲੋਹਾ ਲੈਣ ਦੀ ਠਾਨੀ ਅਤੇ ਚੋਜੀ ਪ੍ਰੀਤਮ ਆਪਣੇ ਪਿਤਾ ਜੀ ਅਗੇ ਆਪਣੀ ਇਛਾ ਪਰਗਟ ਕੀਤੀ। ਸਤਿਗੁਰਾਂ ਨੇ ਆਪਣੇ ਪੁਤਰ ਨੂੰ ਧਰਮ ਲਈ ਕੁਰਬਾਨ ਹੋਣ ਲਈ ਉਸ ਸਮੇਂ ਜੋ ਕੁਛ ਕਿਹਾ, ਉਸ ਦਾ ਜ਼ਿਕਰ ਇਕ ਮੁਸਲਮਾਨ ਲਿਖਾਰੀ ਨੇ ਬੜਾ ਸੁੰਦਰ ਲਿਖਿਆ ਹੈ :–

ਬੇਟਾ ਤੁਮ ਹੀ ਥੇ ਪੰਥ ਕੇ ਬੇੜੇ ਖਵਈਆ ॥
ਸਰ ਭੇਟ ਕਰੋ ਤਾਂ ਕਿ ਚਲੇ ਧਰਮ ਕੀ ਨਈਆ ॥
ਲੇ ਦੇ ਕੇ ਤੁਮ ਹੀ ਥੇ ਮੇਰੇ ਗੁਲਸ਼ਨ ਕੇ ਬਕਈਆ ॥
ਲੈ ਜਾਓ ਕਿ ਰਾਹ ਤਕਦੇ ਹੈਂ ਸਭ ਖਲਦ ਮੇਂ ਭਈਆ ॥
ਖ਼ਾਹਿਸ਼ ਹੈ, ਹਮ ਤੁਮੇਂ ਤੰਗ ਚਲਾਤੇ ਹੂਏ ਦੇਖੇਂ ॥
ਹਮ ਆਖੋਂ ਸੇ ਤੁਝੇ ਬਰਛੀ ਖਾਤੇ ਹੂਏ ਦੇਖੇਂ ॥ [ਅੱਲਾ ਯਾਰ ਖਾਂ ਯੋਗੀ

ਪੁਤਰ, ਧਰਮ ਖ਼ਾਤਰ ਮਰ ਮਿਟਣ ਵਾਲੇ ਕਿਸੇ ਪ੍ਰਵਾਨੇ ਨੂੰ ਮੈਂ ਕਦੇ ਨਹੀਂ ਰੋਕਿਆ, ਫਿਰ ਤੈਨੂੰ ਕਿਵੇਂ ਵਰਜ ਸਕਦਾ ਹਾਂ। ਜਾ, ਸ਼ਹੀਦ ਵੀਰ ਤੈਨੂੰ ਉਡੀਕ ਰਿਹਾ ਹੈ। ਮੇਰੀ ਵੀ ਤਮੰਨਾ ਹੈ ਕਿ ਤੈਨੂੰ ਘੋੜ-ਸਵਾਰ ਹੋ ਕੇ ਧਰਮ ਹਿਤ ਲੜਦਾ ਵੇਖਾਂ ਅਤੇ ਸੂਰਬੀਰਤਾ ਨਾਲ ਸ਼ਹੀਦ ਹੁੰਦਾ ਤਕਾਂ।

ਇਥੇ ਇਕ ਗੱਲ ਧਿਆਨ-ਗੋਚਰੇ ਰਖਣੀ ਲਾਜ਼ਮੀ ਹੈ ਕਿ ਦੁਨੀਆ ਦੇ ਇਤਿਹਾਸ ਵਿਚ ਅਜਿਹਾ ਕੋਈ ਜਰਨੈਲ, ਪੈਗੰਬਰ, ਰਿਸ਼ੀ ਮੁਨੀ, ਅਵਤਾਰ ਜਾਂ ਧਰਮ ਬਾਨੀ ਅਥਵਾ ਔਲੀਆ ਨਹੀਂ ਹੋਇਆ, ਜਿਸਨੇ ਮਾਨਵਤਾ ਦੀ ਅਜ਼ਾਦੀ ਲਈ ਲੜੇ ਜਾ ਰਹੇ ਯੁਧ ਵਿਚ, ਪੁੱਤਰਾਂ ਨੂੰ ਆਪਣੀ ਹੱਥੀਂ ਤੋਰਿਆ ਹੋਵੇ ਅਤੇ ਸ਼ਹੀਦ ਹੁੰਦਿਆਂ ਵੇਖ ਕੇ ਰਤਾ ਵੀ ਚੇਹਰੇ ਤੇ ਮਲਾਲ ਨਾ ਆਇਆ ਹੋਵੇ। ਮਾਰੋ ਨਿਗਾਹ ਰਤਾ ਇਤਿਹਾਸ ਤੇ, ਜਦੋਂ ਵਸ਼ਿਸ਼ਟ ਮੁਨੀ ਨੂੰ ਪੁਤਰ ਦੀ ਮੌਤ ਦਾ ਪਤਾ ਲਗਾ ਤਾਂ ਪੇਟ ਨੂੰ ਪੱਥਰ ਬੰਨ੍ਹ ਦਰਿਆ ਵਿਚ ਛਾਲ ਮਾਰ ਦਿਤੀ। ਪੁਤਰ ਅਭਿਮੰਨੂ ਦੇ ਮਰਨ ਦੀ ਖ਼ਬਰ ਮਿਲਣ ਤੇ ਅਰਜਨ ਦੇ ਹੱਥੋਂ ਤੀਰ ਡਿਗ ਪਏ। ਸੀਤਾ ਦਾ ਵਿਛੋੜਾ ਅਤੇ ਲਛਮਣ ਦੀ ਮੂਰਛਾ ਹੋਣ ਤੇ ਰਾਮ ਅਵਤਾਰ ਰੁਦਨ ਕਰਨੋਂ ਰੁਕ ਨਾ ਸਕਿਆ।

"ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੜਿ ਗਇਆ ॥੧॥ ਸਲੋਕੁ ਮ: ੧, ਪੰਨਾ ੯੫੩-੫੪

ਪੁਤਰ ਜੁਝਾਰ ਸਿੰਘ ਆਗਿਆ ਲੈ ਕੇ ਸਿਰੜੀ ਸਿੰਘਾਂ ਵਾਂਗ ਜੁਧ-ਭੂਮੀ ਵਿਚ ਪੁਜਾ ਅਤੇ ਬਹਾਦਰੀ ਨਾਲ

* ਇਥੇ ਕਵੀ ਅਜੀਤ ਸਿੰਘ ਜੀ ਨੂੰ ਰਣਜੀਤ ਸਿੰਘ ਭੁਲੇਖੇ ਵਿਚ ਲਿਖ ਗਿਆ ਹੈ।



www.AKJ.Org

ਤਲਵਾਰ ਤੇ ਤੀਰ ਕਮਾਨ ਦੇ ਜੌਹਰ ਦਿਖਾਉਂਦਾ ਹੋਇਆ ਅਨੇਕਾਂ ਨੂੰ ਵਢ ਟੁਕ ਕੇ ਆਪ ਵੀ ਸ਼ਹੀਦ ਹੋ ਗਿਆ।

ਜਬ ਦੇਖਿਓ ਜੁਝਾਰ ਸਿੰਘ ਸਮਾਂ ਪਹੁੰਚਿਓ ਆਨ ॥
ਦੌਰਿਓ ਦਲ ਮੈਂ ਪਾਇ ਕੈ, ਕਰ ਮਹਿ ਗਹਿ ਕਮਾਨ ॥

[ਸ੍ਰੀ ਗੁਰ ਸੋਭਾ, ਪੰਨਾ ੮੦

ਭਾਈ ਕੋਇਰ ਸਿੰਘ ਲਿਖਦਾ ਹੈ :–

ਜੁਝਾਰ ਸਿੰਘ ਹੈ ਦੁਤੀਓ ਭਾਈ ॥ ਜਾ ਨੇ ਰਣ ਅਤਿ ਤੇਗ ਵਗਾਈ ॥

[ਗੁ: ਬਿ: ਪਾ: ੧੦, ਪੰਨਾ ੨੦੦

੮ ਪੋਹ ਨੂੰ ਸਾਰਾ ਦਿਨ ਬਿਨਾਂ ਰੁਕਾਵਟ ਦੋਹਾਂ ਪਾਸਿਆਂ ਤੋਂ ਘਮਸਾਨ ਮਚਿਆ ਰਿਹਾ। ਰਾਤ ਪੈਣ ਤੇ ਲੜਾਈ ਬੰਦ ਹੋ ਗਈ। ਸਤਿਗੁਰੂ ਜੀ ਪੁਤਰਾਂ ਨੂੰ ਵਾਰ ਕੇ ਇਉਂ ਕਹਿ ਰਹੇ ਸਨ–

ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥ ਪ੍ਰਭ ਦੀ ਆਗਿਆ ਮਾਨੈ ਮਾਥੈ ॥੨॥੫॥

[ਸੁਖਮਨੀ ਸਾਹਿਬ, ੨੬੮

ਜੋ ਤੁਧੁ ਭਾਵੈ ਸੋ ਭਲਾ ਪਿਆਰੇ, ਤੇਰੀ ਅਮਰੁ ਰਜਾਇ ॥ ੭ ॥ [ਆਸਾ ਮਹਲਾ ੫, ਪੰਨਾ ੪੩੨
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥ (ਸਲੋਕ ਕਬੀਰ ਜੀ, ੧੩੭੫)

ਸਤਿਗੁਰੂ ਪਾਤਸ਼ਾਹ ਨੇ ਚੜ੍ਹਦੀਆਂ ਕਲਾ ਵਿਚ ਵਿਚਰਦਿਆਂ ਹੋਇਆਂ ਪੁਤਰਾਂ ਦੀ ਅਮਾਨਤ ਪ੍ਰਭੂ ਦੇ ਹਵਾਲੇ ਕਰ ਕੇ ਉਸ ਦਾ ਸ਼ੁਕਰਾਨਾ ਕੀਤਾ। ਰਾਤ ਨੂੰ ਸਿੰਘਾਂ ਨਾਲ ਜੁਧ ਬਾਰੇ ਵੀਚਾਰਾਂ ਕਰਦਿਆਂ ਸਤਿਗੁਰੂ ਜੀ ਨੇ ਆਪਣਾ ਫ਼ੈਸਲਾ ਸੁਣਾ ਦਿਤਾ ਕਿ ਨਵੀਂ ਸਵੇਰ ਨੂੰ ਉਹ ਆਪ ਰਣ-ਤੱਤੇ ਵਿਚ ਕੁਦਣਗੇ ਅਤੇ ਜ਼ਾਲਮਾਂ ਦੇ ਸਨਮੁਖ ਹੋ ਕੇ ਸੰਗਰਾਮ ਮਚਾਣਗੇ। ਪਰ ਸਿੰਘ ਪੰਜਾਂ ਪਿਆਰਿਆਂ ਦੇ ਰੂਪ ਵਿਚ ਗੜ੍ਹੀ ਅੰਦਰ ਸਜ ਗਏ ਅਤੇ ਉਹਨਾਂ 'ਗੁਰੂ ਖਾਲਸਾ' ਹੋਣ ਦੀ ਹੈਸੀਅਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਹੁਕਮ ਕੀਤਾ ਕਿ ਆਪ ਰਾਤ ਦੇ ਹਨੇਰੇ ਵਿਚ ਗੜ੍ਹੀ ਛਡ ਜਾਓ।

"ਲੜੇ ਬਹੁਤ ਲੜਾਈ ਦਿਵਸ ਰੈਨ ਸਾਰਾ ॥ ਸਿੱਖ ਕਹੈ ਪਾਤਸ਼ਾਹ ਛੋਡਹੁ ਅਖਾਰਾ ॥
ਤੁਮ ਰਹੇ ਪੰਥ ਕੋ ਮੂਲ ਸਾਰਾ ॥ ਹਮੇਸ਼ਾ ਰਖੇ ਸਿਖ ਹੋਵਹਿ ਹਜਾਰਾਂ ॥ (ਸੌ ਸਾਖੀ)

ਹੁਕਮ ਅਗੇ ਸੀਸ ਝੁਕਾ ਕੇ ਸਤਿਗੁਰੂ ਜੀ ਭਾਈ ਸੰਤਾ ਸਿੰਘ ਦੇ ਸਿਰ ਤੇ ਕਲਗੀ-ਤੋੜਾ ਸਜਾ ਕੇ ਅਤੇ ਆਪਣੀ ਪੁਸ਼ਾਕ ਉਸ ਨੂੰ ਪਵਾ ਕੇ ੮ ਪੋਹ ੧੭੬੨ ਬਿਕ੍ਰਮੀ ਦੀ ਅੱਧੀ ਰਾਤ ਵੇਲੇ ਭਾਈ ਧਰਮ ਸਿੰਘ ਅਤੇ ਦਇਆ ਸਿੰਘ ਜੀ ਨੂੰ ਨਾਲ ਲੈ ਕੇ, ਤਾੜੀ ਮਾਰ, "ਪੀਰੇ ਹਿੰਦ ਰਵਦ" ਕਹਿ ਕੇ, ਦੁਸ਼ਮਣ ਦੀਆਂ ਫੌਜਾਂ ਨੂੰ ਚੀਰਦੇ ਹੋਏ, ਸੁਰੱਖਿਅਤ ਨਿਕਲ ਗਏ। ਸ਼ਾਹੀ ਫੌਜਾਂ ਕਾਹਲੀ ਵਿਚ ਉਠੀਆਂ ਅਤੇ ਆਪਸ ਵਿਚ ਹੀ ਗੁਥਮ-ਗੁਥਾ ਹੋ ਕੇ ਕਾਫ਼ੀ ਨੁਕਸਾਨ ਕਰ ਕੇ ਬੈਠ ਗਈਆਂ।

ਤੀਜੇ ਦਿਨ ਦੀ ਲੜਾਈ ਪਿਛੋਂ ਗੜ੍ਹੀ ਸਰ ਹੋ ਗਈ, ਪਰ ਜਰਨੈਲਾਂ ਅਤੇ ਸੂਬੇਦਾਰਾਂ ਦੀਆਂ ਅਹੰਕਾਰੀ ਧੌਣਾਂ ਉਦੋਂ ਸ਼ਰਮਿੰਦਗੀ ਨਾਲ ਨੀਵੀਆਂ ਹੋ ਗਈਆਂ ਜਦੋਂ ਉਹਨਾਂ ਨੂੰ ਗੁਰੂ ਸਾਹਿਬ ਦਾ ਸਰੀਰ ਨਾ ਮਿਲਿਆ ਅਤੇ ਵਿਸ਼ਵਾਸ ਪ੍ਰਪੱਕ ਹੋ ਗਿਆ ਕਿ ਗੁਰੂ ਜੀ ਬਚ ਕੇ ਨਿਕਲ ਗਏ ਹਨ। ਇੰਜ ਚਮਕੌਰ ਸਾਹਿਬ ਦੇ ਯੁਧ ਦੀ ਸਮਾਪਤੀ ਹੋਈ।

ਇਕ ਪਾਸੇ ਚਾਲੀ ਸਿੰਘਾਂ ਦਾ ਭੁਖਣ-ਭਾਣਾ ਦਲ ਹੋਵੇ ਅਤੇ ਦੂਜੇ ਪਾਸੇ ਦੁੰਬੇ ਖਾ ਖਾ ਕੇ ਪਲੇ ਹੋਏ ਦਸ ਲੱਖ ਪਠਾਣਾਂ ਦਾ ਭਾਰੀ ਲਸ਼ਕਰ ਹੋਵੇ। ਇਸ ਦੇ ਬਾਵਜੂਦ ਵੀ ਗੁਰੂ ਗੋਬਿੰਦ ਸਿੰਘ ਜੀ ਉਹਨਾਂ ਨੂੰ ਵੰਗਾਰ ਕੇ, ਕੋਹਾਂ ਵਿਚ ਖਿਲਰੇ ਵੈਰੀ ਦਲ ਵਿਚੋਂ ਜੀਂਦੇ-ਜਾਗਦੇ ਸਹੀ ਸਲਾਮਤ ਨਿਕਲ ਜਾਣ, ਕਿੰਨੀ ਵਡੀ ਬਹਾਦਰੀ ਹੈ। ਵੈਰੀ ਨੂੰ ਇਸ ਤੋਂ ਵਧ ਕੀ ਨਮੋਸ਼ੀ ਹੋ ਸਕਦੀ ਸੀ ! ਇਹ ਸਿੰਘਾਂ ਦੀ ਸਭ ਤੋਂ ਵਡੀ ਜਿੱਤ ਅਤੇ ਮੁਸਲਿਮ ਫੌਜਾਂ ਦੀ ਭਾਰੀ ਹਾਰ ਦਾ ਪਰਤੱਖ ਪ੍ਰਮਾਣ ਹੈ।



www.AKJ.Org

# ਕਹਿਰੀ ਰਾਤ ਖ਼ੂਨੀ ਦਿਨ

( ਸ: ਵਿਧਾਤਾ ਸਿੰਘ ਜੀ ਤੀਰ )

ਪਾਲਾ ਪੋਹ ਦਾ ਕੱਕਰੀ ਰਾਤ ਕਹਿਰੀ, ਨਰਕੀ ਅੱਗ ਨੂੰ ਵੀ ਪਈ ਠਾਰਦੀ ਸੀ।
ਆਵੇ ਮਘਦੇ ਹੋ ਗਏ ਬਰਫ਼ ਠੰਢੇ, ਠੰਢੀ ਜਾਨ ਹੋ ਰਹੀ ਅੰਗਿਆਰ ਦੀ ਸੀ।
ਐਸੀ ਠੰਢ ਵਿਚ ਠੰਢ ਦਸਮੇਸ਼ ਜੀ ਦੀ, ਠੰਢੇ ਬੁਰਜ ਵਿਚ ਸਮਾਂ ਗੁਜ਼ਾਰਦੀ ਸੀ।
ਕਦੇ ਪੁੱਤ ਤੇ ਵਰਤੀਆਂ ਸੋਚਦੀ ਸੀ, ਕਦੇ ਪੋਤਿਆਂ ਤੇ ਝਾਤੀ ਮਾਰਦੀ ਸੀ।
ਭਰੇ ਭਰੇ ਸਨ ਜਾਪਦੇ ਨੈਣ ਬੁੱਢੇ, ਨੈਣ-ਛਾਬਿਆਂ ਤੇ ਦੁਖ ਤੋਲ ਰਹੀ ਸੀ।
ਠੰਢੇ ਬੁਰਜ ਅੰਦਰ ਗੋਦੀ ਲੈ ਪੋਤੇ, ਕੁਝ ਇਸ ਤਰ੍ਹਾਂ ਦੇ ਬੋਲ ਬੋਲ ਰਹੀ ਸੀ :
"ਮੇਰੇ ਚੰਦ ਦੇ ਚਾਨਣੋ ! ਜੀਓ ਜਾਗੋ, ਵੇ ਮੈਂ ਚੋਖੰਨੇ ਵਾਰਨੇ ਲੱਖ ਬੱਚਾ !
ਦੋਹਾਂ ਉਤੇ ਦਸਮੇਸ਼ ਦਾ ਰਹੇ ਸਾਇਆ, ਹੋਇ ਦੋਹਾਂ ਨੂੰ ਦਾਦੇ ਦੀ ਰੱਖ ਬੱਚਾ !
ਦਸਣ ਜ਼ੁਲਮ ਦੇ ਪਏ ਅਨੁਮਾਨ ਮੈਨੂੰ, ਕੀਤੇ ਜਾਓਗੇ ਦਾਦੀ ਤੋਂ ਵੱਖ ਬੱਚਾ !
ਲੋ ਮੈਂ ਜਾਗਦੀ ਹਾਂ, ਦੋਵੇਂ ਦੋ ਘੜੀਆਂ, ਅਜ ਲਾ ਲਵੋ ਅੰਤਲੀ ਅੱਖ ਬੱਚਾ !
ਕਰ ਜਾਓ ਅਜ ਦਾਦੀ ਦੀ ਗੋਦ ਨਿੱਘੀ, ਕਿਉਂਕਿ ਕਲ੍ਹ ਜਾ ਕੇ ਫੇਰੀ ਪਾਓਗੇ ਨਾ।
ਚਲੇ ਜਾਓਗੇ 'ਦਾਦੇ' ਦੀ ਗੋਦ ਅੰਦਰ, ਮੁੜ ਕੇ ਦਾਦੀ ਦੀ ਗੋਦ ਵਿਚ ਆਓਗੇ ਨਾ।
ਦੁੱਧੀਂ ਧੋਤਿਓ ਦਾਦੀ ਦੇ ਪੋਤਿਓ ਵੇ, ਕਹਿੰਦਾ ਦਿਲ ਅਜ ਰੀਝ ਪੁਗਾ ਲਵਾਂ ਮੈਂ।
ਨੈਣੋਂ ਸਿਹਰੇ ਪਰੋ ਕੇ ਮੋਤੀਆਂ ਦੇ, ਸੋਹਣੇ ਸਿਰਾਂ ਤੇ ਹੱਥੀਂ ਸਜਾ ਲਵਾਂ ਮੈਂ।
ਜੰਞੇ ਚੜ੍ਹੋਗੇ ਚੰਨਿਓ ਦੋਇ ਤੜਕੇ, ਫੇਰ ਘੋੜੀਆਂ ਕਿਉਂ ਨਾ ਗਾ ਲਵਾਂ ਮੈਂ।
ਤੁਸੀਂ ਅੱਖ ਲਾ ਲੋ ਤੇ ਅਵਾਜ਼ ਦੇ ਕੇ, ਅੰਮੀ ਦੋਹਾਂ ਦੀ ਕੋਲ ਬੁਲਾ ਲਵਾਂ ਮੈਂ।
ਆਖਾਂ ਵੇਖ ਨੀ ! ਆਣ ਕੇ ਵੇਖ ਜੀਤਾਂ, ਘੋੜੀ ਚੜ੍ਹਦਿਆਂ ਤੋਂ ਪਾਣੀ ਵਾਰ ਲੈ ਨੀਂ।
ਕਲ੍ਹ ਨਜ਼ਰ ਨਹੀਂ ਆਵਣੇ ਚੰਦ ਤੈਨੂੰ, ਵੇਖ ਵੇਖ ਅਜ ਅੱਖੀਆਂ ਠਾਰ ਲੈ ਨੀਂ।"
ਏਦਾਂ ਰਾਤ ਗੁਜ਼ਰੇ ਮਾਤਾ ਗੁੱਜਰੀ ਦੀ, ਕਦੇ ਗਾਇ ਘੋੜੀ, ਕਦੇ ਰੋ† ਉੱਠੇ।
ਨੈਣੀਂ ਓਸ ਦੀ ਕਦੇ ਅਨ੍ਹੇਰ ਵਰਤੇ, ਕਦੇ ਬੁੱਢਿਆਂ ਨੈਣਾਂ ਚੋਂ ਲੋਅ ਉੱਠੇ।
ਕਦੇ ਮੂੰਹ-ਮੱਥਾ ਚੁੰਮੇ ਪੋਤਿਆਂ ਦਾ, ਕਦੇ ਗਾਏ ਲੋਰੀ ਕਮਲੀ ਹੋ ਉੱਠੇ।
ਜਾਣੇ ਰੱਬ ਜਾਂ ਗੁੱਜਰੀ ਆਪ ਜਾਣੇ, ਉਸ ਦੇ ਦਿਲ ਅੰਦਰ ਦਰਦ ਜੋ ਉੱਠੇ।
ਕਦੇ ਆਹ ਭਰਦੀ, ਕਦੇ ਅੱਖ ਭਰਦੀ, ਕਦੇ ਰੋਂਵਦੀ, ਕਦੇ ਮੁਸਕਾਂਵਦੀ ਸੀ।
ਕਦੇ ਸੋਚ-ਸਾਗਰ ਅੰਦਰ ਖਾਏ ਗੋਤੇ, ਕਦੇ ਇਸ ਤਰ੍ਹਾਂ ਘੋੜੀਆਂ ਗਾਂਵਦੀ ਸੀ :
"ਮੇਰੇ ਨਿੱਕਿਓ ਲਾਡ-ਲਡਿਕਿਓ ਵੇ, ਕਰਿਓ ਪਾਸ ਵੱਡਾ ਇਮਤਿਹਾਨ ਚੰਨੋ !
ਦੇਗ ਉਬਲਦੀ ਰੱਖਿਓ ਦਿਲਾਂ ਅੰਦਰ, ਤੱਤੀ ਤਵੀ ਦਾ ਧਾਰ ਧਿਆਨ ਚੰਨੋ !
ਦਿਲੋਂ ਚਾਂਦਨੀ ਚੌਕ ਨੂੰ ਭੁੱਲਿਓ ਨਾ, ਮੇਰੇ ਚੰਦ ਦੀ ਰਖਿਓ ਸ਼ਾਨ ਚੰਨੋ !
ਧਰਮ ਹਾਰ ਕੇ ਜੀਵਣਾ ਮੰਨਿਓ ਨਾ, ਕਰਨੀ ਹੱਸ ਕੇ ਮੌਤ ਪਰਵਾਨ ਚੰਨੋ !
ਮੈਂ ਤਾਂ ਪੋਤਰੇ-ਨੂੰਹਾਂ ਨੂੰ ਤਾਂਘਦੀ ਸਾਂ, ਮੌਤ ਨਾਲ ਪਰ ਸੁੱਧਿਆ ਸਾਹ ਬੱਚਾ !
ਹੱਛਾ ਉਹ ਜਾਣੇ, ਪਰ ਮੈਂ ਕਿਸੇ ਕੋਲੋਂ, ਲੱਗੀ ਧਰਮ ਨੂੰ ਸੁਣਾਂ ਨਾ ਢਾਹ ਬੱਚਾ।"

† ਕਵੀ ਜੀ ਆਮ ਸੰਸਾਰੀ ਦ੍ਰਿਸ਼ਟੀ ਤੋਂ ਮਾਤਾ ਜੀ ਦੇ ਅੰਦਰ ਆ ਰਹੇ ਉਬਾਲਾਂ ਦੇ ਤੂਫ਼ਾਨ ਨੂੰ ਦਸ ਰਹੇ ਹਨ।



www.AKJ.Org

ਏਦਾਂ ਮੋਹ ਤੇ ਸਿਦਕ ਦੀ ਬਣੀ ਮੂਰਤ, ਦਾਦੀ ਸਾਂਭਦੀ ਪਈ ਸੀ ਗੋਤਿਆਂ ਨੂੰ।
ਕਿਸੇ ਕੜਕ ਕੇ ਆਖਿਆ ਬੁਰਜ ਹੇਠੋਂ, "ਸਾਨੂੰ ਪਹਿਰ ਹੋ ਗਿਆ ਖਲੋਤਿਆਂ ਨੂੰ।
ਗੂੜ੍ਹੀ ਨੀਂਦ ਨਹੀਂ ਸ਼ੋਭਦੀ ਕੈਦੀਆਂ ਨੂੰ, ਮਾਈ! ਛੱਡ ਹੁਣ ਲੰਮਿਆਂ ਸੌਤਿਆਂ ਨੂੰ।
ਅੱਗੇ ਪੁੱਤ ਤਾਂ ਹਥੋਂ ਗੁਆ ਲਿਆ ਈ, ਭਲਕੇ ਰੋ ਰੋ ਲਭੇਂਗੀ ਪੋਤਿਆਂ ਨੂੰ।
ਸੂਬੇ ਦੋਹਾਂ ਨੂੰ ਸਾਹਮਣੇ ਸੱਦਿਆ ਹੈ, ਦੋਹਾਂ ਤਾਈਂ ਸਰਕਾਰ ਉਡੀਕਦੀ ਹੈ।
ਤੇਰੀ ਗੋਦ ਦੇ ਫੁੱਲਾਂ ਨੂੰ ਬੁੱਢੀਏ ਨੀ, ਕੰਧ ਅਤੇ ਤਲਵਾਰ ਉਡੀਕਦੀ ਹੈ।"
ਸੁਣ ਕੇ ਇਹ, ਗੁਜਰੀ ਉੱਤੋਂ ਮੌਤ ਗੁਜਰੀ, ਤਾਂ ਵੀ ਝਟ ਜਗਾਏ ਉਸ ਲਾਲ ਦੋਵੇਂ।
ਚੁੰਮ ਚੁੰਮ ਕੇ ਦੋਹਾਂ ਦੇ ਮੂੰਹ ਧੋਤੇ, ਲਾਏ ਘੁੱਟ ਕਲੇਜੇ ਦੇ ਨਾਲ ਦੋਵੇਂ।
ਟੁਰੇ ਪੋਤਰੇ ਦਾਦੀ ਨੂੰ ਟੇਕ ਮਥਾ, ਮੂੰਹੋਂ ਆਖ 'ਸਤਿ ਸ੍ਰੀ ਅਕਾਲ' ਦੋਵੇਂ।
ਸ਼ਾਮੀਂ ਪਿਆ ਰੌਲਾ ਥਾਂ ਥਾਂ ਹੋਣ ਗੱਲਾਂ, "ਮਾਰੇ ਗਏ ਬੇਦੋਸ਼ ਹਨ ਬਾਲ ਦੋਵੇਂ।"
ਕਿਵੇਂ ? ਕੀ ਹੋਇਆ ? ਹੋਣੀ ਕੀ ਵਰਤੀ? ਸੂਰਜ ਜਾਣਦਾ ਏ,ਜਾਂ ਫਿਰ ਚੰਦ ਜਾਣੇ।
ਦਸੇ ਕਲਮ ਤਾਂ ਦੰਦਣਾਂ ਪੈਂਦੀਆਂ ਸੂ, ਖ਼ੂਨੀ ਕੰਧ ਜਾਣੇ ਜਾਂ ਸਰਹੰਦ ਜਾਣੇ।

---

# ਚਮਕੌਰ ਦੀ ਗੜ੍ਹੀ

[ਸ: ਉਜਾਗਰ ਸਿੰਘ ਜੀ ਉਲਫ਼ਤ]

ਤਕੋ ਵਾਸੀ ਅਨੰਦਪੁਰ ਦਾ, ਕਿਵੇਂ ਸਰਸਾ ਤਰੀ ਜਾਂਦੈ!
ਤੇ ਫਿਰ ਚਮਕੌਰ ਵਿਚ ਵੇਖੋ, ਇਹ ਕੀ ਕੌਤਕ ਕਰੀ ਜਾਂਦੈ!
ਉਹ ਸ਼ੌਕੀ ਬਾਜ ਦਾ ਸੋਹਣਾ, ਉਹ ਸ਼ਾਹ-ਅਸਵਾਰ ਨੀਲੇ ਦਾ,
ਪਤਾ ਨਹੀਂ ਇਹ ਸਿਤਮ ਏਨੇ, ਕਿਵੇਂ ਦਿਲ ਤੇ ਜਰੀ ਜਾਂਦੈ!
ਉਧਰ ਨੇ ਮੁਗਲ ਲੱਖਾਂ ਹੀ, ਇਧਰ ਇਹ ਲੈ ਕੇ ਸਿੰਘ ਚਾਲੀ,
ਇਕੱਲਾ ਇਹ ਮਜਾਹਿਦ ਹੀ, ਕਿਵੇਂ ਰਣ ਵਿਚ ਲੜੀ ਜਾਂਦੈ!
ਨਹੀਂ ਦਿਸਦੇ ਕਿਤੇ ਭਾਵੇਂ ਉਹ ਮਨਜ਼ਰ ਕੇਸ-ਗੜ੍ਹ ਵਾਲੇ,
ਇਹ ਉਜੜੇ ਆਸ਼ੀਆਂ[1] ਵਿਚ ਹੀ, ਨਵੀਂ ਹਸਰਤ ਭਰੀ ਜਾਂਦੈ!
ਨੀ ਤੱਕ ਮਾਏ, ਨੀ ਸੁਣ ਮਾਏ, ਇਦ੍ਹੀ ਮਹਿਬੂਬੀਓਂ ਸਦਕੇ,
ਕਿਵੇਂ ਪਾ ਜਿਗਰ ਦੇ ਟੋਟੇ, ਅਜ਼ਲ[2] ਦਾ ਮੂੰਹ ਭਰੀ ਜਾਂਦੈ!
ਲੈ ਸਖੀਓ ਵੀਰ ਔਹ ਮੇਰਾ, ਅਮੀਂ ਜੀਤਾਂ ਦਾ ਹੈ ਜਾਇਆ,
ਕਿਵੇਂ ਦੁਸ਼ਮਣ ਦੇ ਦਲ ਉੱਤੇ, ਨੀ ਮੀਂਹ ਬਣ ਕੇ ਵਰ੍ਹੀ ਜਾਂਦੈ!
ਕਿਆ ਸੋਹਣਾ ਨਜ਼ਾਰਾ ਹੈ, ਹੁਸਨ ਦੀ ਬੇ-ਨਿਆਜ਼ੀ[3] ਦਾ,
ਕਿਵੇਂ ਇਹ ਨੂਰ ਦਾ ਕ੍ਰਿਸ਼ਮਾ, ਹੁਸਨ-ਜਲਵੇ ਭਰੀ ਜਾਂਦੈ!
ਚੁੰਮੋ ਨੀ ਤੇਗ ਇਸ ਦੀ ਨੂੰ, ਇਦੇ ਰਾਹਿ ਤਸਾਦਮ[4] ਚੋਂ,
ਕਿਵੇਂ ਹੰਗਾਮਿਆਂ ਅੰਦਰ, ਵਤਨ-ਕਿਸਮਤ ਘੜੀ ਜਾਂਦੈ!
ਇਹ ਰਾਹ ਹਮਵਾਰ[5] ਕਰਦਾ ਹੈ, ਦਿਲੋਂ ਵਤਨਾਂ ਦੀ ਕਿਸਮਤ ਦਾ,
ਇਹ ਨਗ਼ਮਾ[6] ਹੱਕ[7] ਦਾ 'ਉਲਫ਼ਤ', ਲਗਨ ਅੰਦਰ ਪੜ੍ਹੀ ਜਾਂਦੈ!

---

੧. ਘਰ; ਆਲ੍ਹਣਾ। ੨. ਮੌਤ। ੩. ਨਿਰ-ਇੱਛਤ। ੪. ਟੱਕਰ। ੫. ਪਧਰਾ। ੬. ਗੀਤ। ੭. ਰੱਬ, ਸੱਚ।



www.AKJ.Org

# ਖਾਲਸਾ ਮੇਰੋ ਰੂਪ ਹੈ ਖਾਸ

( ਪ੍ਰੋਫੈਸਰ ਗੁਰਮੁਖ ਸਿੰਘ ਜੀ )

'ਸਿਖ ਮਾਨਸਿਕਤਾ' ਦੀ ਲੜੀ ਦਾ ਇਹ ਅੰਤਮ ਲੇਖ ਹੈ । ਇਸ ਲੇਖ-ਲੜੀ ਵਿਚ ਕੁਲ ਬਾਰ੍ਹਾਂ ਲੇਖਾਂ ਦਾ ਗੁਲਦਸਤਾ ਸਜਾਇਆ ਗਿਆ ਹੈ । ਹੱਥਲੇ ਲੇਖ ਵਿਚ ਲੇਖਕ ਨੇ ਜਤਨ ਕੀਤਾ ਹੈ ਇਹ ਉਜਾਗਰ ਕਰਨ ਦਾ ਕਿ ਗੁਰਬਾਣੀ ਅੰਦਰ ਸਿਖ ਦਾ ਕਿਹੋ ਜਿਹਾ ਸਰੂਪ ਘੜਿਆ ਗਿਆ । ਅਤੇ ਦਸਮ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਜੀ ਇਸ ਸਰੂਪ ਦੀ ਵਿਲੱਖਣਤਾ ਨੂੰ ਕਿਵੇਂ ਭਲੀ ਭਾਂਤ ਦਰਸਾਉਂਦੇ ਹਨ । —ਸੰਪਾਦਕ

ਗੁਰਬਾਣੀ ਜਿਥੇ ਵਾਹਿਗੁਰੂ ਜੀ ਦੀ ਸਿਫਤ ਸਲਾਹ ਦਾ ਮਹਾਨ ਕੀਰਤਨ ਰੂਪ ਸੰਗੀਤ-ਮਈ ਖ਼ਜ਼ਾਨਾ ਹੈ ਓਥੇ ਗੁਰਬਾਣੀ ਵਿਚ ਸਿਖ ਨੂੰ ਜੀਵਨ-ਜੁਗਤੀ ਸਮਝਾਉਣ ਲਈ ਰਤਨ ਪਦਾਰਥ ਸ਼ਬਦਾਂ ਅੰਦਰ ਪਰੋਏ ਹੋਏ ਹਨ । ਪੜ੍ਹਿਆ ਹੋਇਆ ਜਗਿਆਸੂ ਆਪ ਪੜ੍ਹ ਕੇ, ਖੋਜ ਕਰ ਕੇ ਉਹਨਾਂ ਰਤਨ ਪਦਾਰਥਾਂ ਤੋਂ ਆਪਣੀ ਜੀਵਨ-ਜੁਗਤੀ ਲਈ ਸੇਧ ਲੈ ਸਕਦਾ ਹੈ । ਜਿਹੜੇ ਗੁਰਮੁਖ ਅੱਖਰ ਨਹੀਂ ਪੜ੍ਹ ਸਕਦੇ, ਉਹ ਦੂਜਿਆਂ ਪਾਸੋਂ ਸੁਣ ਕੇ ਜੀਵਨ-ਜਾਚ ਧਾਰਨ ਕਰ ਸਕਦੇ ਹਨ । ਇਸ ਲਈ ਗੁਰੂਦੇਵ ਪਿਤਾ ਨੇ ਉਪਦੇਸ਼ ਦਿਤਾ ਹੈ ਕਿ ਗੁਰਬਾਣੀ ਦੇ ਆਸ਼ਕਾਂ ਦੀ ਸੰਗਤ ਕਰਨੀ ਚਾਹੀਦੀ ਹੈ—

ਸਤੀ ਪਹਿਰੀ ਸਤੁ ਭਲਾ, ਬਹੀਐ ਪੜਿਆਂ ਪਾਸਿ ॥<br>
ਓਥੈ ਪਾਪੁ ਪੁੰਨੁ ਬੀਚਾਰੀਐ, ਕੂੜੈ ਘਟੈ ਰਾਸਿ ॥੧॥੧੮॥

[ ਸਲੋਕ ਮ: ੨, ਪੰਨਾ ੧੪੬

ਗੁਰਬਾਣੀ ਨੂੰ ਵੀਚਾਰਨ ਵਾਲੇ ਗੁਰਮਤਿ ਆਸ਼ੇ ਅਨੁਸਾਰ ਕਦਰਾਂ ਕੀਮਤਾਂ ਦੀ ਖੋਜ ਕਰਦੇ ਰਹਿੰਦੇ ਹਨ । ਇਸ ਨਾਲ ਮਨੁੱਖ ਦੇ ਜੀਵਨ ਵਿਚੋਂ ਕੂੜ ਅਤੇ ਪਾਪ ਦੀ ਮਾਤਰਾ ਘਟਦੀ ਹੈ । ਇਉਂ ਹਰਿ-ਜਸ ਅਤੇ ਸੱਚ-ਬਿਉਹਾਰ ਜਾਂ ਸੱਚ-ਆਚਾਰ ਦੀ ਮਾਤਰਾ ਸਹਿਜੇ ਸਹਿਜੇ ਵਧਦੀ ਹੈ ।

ਸਤਿਗੁਰੂ ਨਾਨਕ ਦੇਵ ਜੀ ਨੇ ਜਦੋਂ ਪੰਜਾਬ ਵਾਸੀਆਂ, ਫਿਰ ਭਾਰਤ ਵਾਸੀਆਂ ਅਤੇ ਅੰਤ ਵਿਚ ਚਾਰ ਉਦਾਸੀਆਂ ਦੀ ਫੇਰੀ ਕਰ ਕੇ ਸੰਸਾਰ ਦੇ ਸਾਮੀ ਧਰਮਾਂ (ਇਸਲਾਮ, ਯਹੂਦੀ, ਪਾਰਸੀ ਤੇ ਈਸਾਈ) ਦੇ ਅਨੁਯਾਈਆਂ ਨੂੰ ਸ੍ਰੀ ਅਕਾਲ ਪੁਰਖ ਜੀ ਦਾ ਸੰਦੇਸ਼ ਦਿਤਾ ਤਾਂ ਉਹਨਾਂ ਦੇ ਅਤਿ ਸੁੰਦਰ ਮਨਮੋਹਨ ਪਿਆਰੇ ਬਚਨਾਂ ਤੋਂ ਇਉਂ ਪਰਤੀਤ ਹੁੰਦਾ ਸੀ ਕਿ ਇਹਨਾਂ ਸਾਰੇ ਧਰਮਾਂ ਨੇ ਜਿਸ ਕਿਸਮ ਦਾ ਮਨੁਖ ਤਿਆਰ ਕੀਤਾ ਹੈ, ਉਸ ਅੰਦਰ ਕੁਝ ਕਮੀਆਂ ਤੇ ਤਰੁਟੀਆਂ ਰਹਿ ਗਈਆਂ ਹਨ ।

ਭਾਰਤ ਦਾ ਵੇਦਾਂ ਸ਼ਾਸਤਰਾਂ ਦਾ ਧਰਮ, ਰਿਸ਼ੀਆਂ ਮੁਨੀਆਂ ਤੋਂ ਹੇਠਾਂ ਉਤਰ ਕੇ ਜਦੋਂ ਬ੍ਰਾਹਮਣ ਦੇ ਹੱਥ ਲਗ ਗਿਆ ਤਾਂ ਉਸ ਨੂੰ ਬਿਪਰਾਂ (ਬ੍ਰਾਹਮਣਾਂ) ਨੇ ਆਪਣੀ ਰੋਜ਼ੀ ਲਈ ਰੋਜ਼ਗਾਰੀ ਧਰਮ ਬਣਾ ਦਿਤਾ । ਭਾਰਤੀ ਜਨਤਾ ਨੂੰ ਕੇਵਲ ਸ੍ਰੀ ਅਕਾਲ ਜੀ ਦੀ ਪੂਜਾ ਜਾਂ ਗਿਆਨ ਤੋਂ ਅਗਿਆਤ ਰਖ ਕੇ ਕਰਮ ਕਾਂਡ, ਪਾਪ ਪੁੰਨ, ਬਹੁ-ਦੇਵੀ ਦੇਵਤਿਆਂ ਦੀ ਪੂਜਾ, ਸ਼ਨੀ, ਮੰਗਲ, ਰਾਹੂ, ਕੇਤੂ ਜਿਹੇ ਭੈ-ਭੀਤ ਕਰਨ ਵਾਲੇ ਗ੍ਰਹਿਆਂ ਤੋਂ ਬਚੇ ਰਹਿਣ ਦੇ ਉਪਾਅ ਆਦਿ ਦੇ ਚੱਕਰ ਵਿਚ ਐਸਾ ਪਾਇਆ ਕਿ ਹੁਣ ਭੀ ਬਿਪਰ ਤੋਂ ਪੁਛੇ ਬਿਨਾਂ ਕੋਈ ਹਿੰਦੂ ਕਿਸੇ ਕਿਸਮ ਦਾ ਗ਼ਮੀ, ਖ਼ੁਸ਼ੀ ਦਾ ਸਮਾਗਮ ਆਪਣੀ ਇੱਛਾ ਅਨੁਸਾਰ ਨਹੀਂ ਕਰ ਸਕਦਾ । ਗੁਰਦੇਵ ਪਾਤਸ਼ਾਹ ਆਪਣੇ ਸਮੇਂ (Milieu) ਦੇ ਸਮਾਜਿਕ ਅਤੇ ਧਾਰਮਿਕ ਆਲੇ ਦੁਆਲੇ ਵਿਚ ਵੇਖ ਰਹੇ ਸਨ ਕਿ ਹਿੰਦੂ ਦੀ ਸਭ ਤੋਂ ਵੱਡੀ ਧਾਰਮਕ ਉੱਨਤੀ ਦੀ ਮੰਜ਼ਲ ਸਵਰਗ ਅਤੇ ਸੰਸਾਰ ਦੇ ਦੁਖਾਂ ਤੋਂ ਮੁਕਤੀ ਹੈ । ਉਹ ਵਧ ਤੋਂ ਵਧ ਜਤਨ ਕਰਦਾ ਹੈ ਕਿ ਕਿਵੇਂ ਵਾਹਿਗੁਰੂ ਜੀ ਦੇ ਬਿਖਮ ਭਾਣੇ ਤੋਂ ਬੱਚਿਆ ਜਾ ਸਕੇ । ਉਹ ਸਦਾ ਸੰਸਾਰਕ ਤੇ ਸਰੀਰਕ ਸੁਖ ਮੰਗਦਾ ਆਇਆ ਹੈ । ਇਹ ਨਿਰੋਲ ਪਸ਼ੂ ਪੱਧਰ ਦਾ ਜੀਵਨ ਹੈ, ਪਰ ਥੋੜੇ ਜਿਹੇ ਫ਼ਰਕ ਨਾਲ । ਮੰਦਰ, ਠਾਕਰ-ਦੁਆਰੇ ਭੀ ਪੁੰਨ ਸਮਝ ਕੇ ਜਾਣਾ ਵਪਾਰਕ ਬਿਰਤੀ ਦਾ ਸੂਚਕ ਹੈ । ਪੁੰਨ ਇਸ ਲਈ ਉਹ ਕਰਦਾ ਹੈ ਕਿ ਅਗਲੇ ਜਨਮ ਵਿਚ ਪੁੰਨ ਹਰਿਆ ਹੋ ਕੇ ਫਲੇ, ਜਾਂ



www.AKJ.Org

ਵਰਗ ਦਾ ਸੁਖ ਮਿਲੇ। ਜਨਮ ਮਰਨ ਦਾ ਗੇੜ ਖ਼ਤਮ ਕਰਨਾ ਇਸ ਦਾ ਨਿਸ਼ਾਨਾ ਨਹੀਂ ਸੀ। ਗੁਰਦੇਵ ਜੀ ਦੇ ਸਮਕਾਲੀ ਇਸਲਾਮੀ ਧਰਮ ਵਿਚ ਭੀ ਅਜਿਹੀ ਡੂੰਘੀ ਸੂਝ ਦੀ ਕੋਈ ਗੱਲ ਨਹੀਂ ਮਿਲਦੀ। ਮੁਸਲਮਾਨ ਲਈ ਸਪਸ਼ਟ ਸਦਾਚਾਰਕ ਨੇਮ ਬਣਾ ਦਿੱਤੇ ਗਏ ਸਨ : ਨਿਮਾਜ਼ ਪੜ੍ਹਨੀ, ਰੋਜ਼ੇ ਰਖਣੇ, ਖ਼ੈਰਾਤ ਦੇਣੀ, ਕਾਫਰਾਂ ਦੇ ਮਾਲ ਨੂੰ ਲੁਟਣ ਨੂੰ ਪੁੰਨ ਸਮਝਣਾ। ਹਰ ਮੁਸਲਮਾਨ ਕੇਵਲ ਇਕ ਅੱਲ੍ਹਾ (ਅਕਾਲ) ਦੀ ਬੰਦਗੀ ਕਰੇ, ਕਿਸੇ ਕਿਸਮ ਦੇ ਦੇਵੀ ਦੇਵਤੇ ਨਾ ਮੰਨੇ। ਪਰ ਸਮਾਂ ਪਾ ਕੇ ਪੀਰਾਂ ਫ਼ਕੀਰਾਂ ਦਿਆਂ ਮਜ਼ਾਰਾਂ ਤੇ ਮੇਲੇ ਲਗਣ ਲਗ ਪਏ। ਉਥੇ ਮਜ਼ਾਰ-ਪੂਜਾ ਸ਼ੁਰੂ ਹੋ ਗਈ। ਛੋਟੀਆਂ ਮੋਟੀਆਂ ਮਨੁਖੀ ਲੋੜਾਂ ਦੀ ਪੂਰਤੀ ਜੋ ਹਿੰਦੂ ਦੇਵੀਆਂ ਤੋਂ ਕਰਵਾ ਲੈਂਦਾ ਸੀ ਤਾਂ ਮੁਸਲਮਾਨ ਪੀਰਾਂ ਦੇ ਮਜ਼ਾਰਾਂ ਤੇ ਮੱਥੇ ਰਗੜ ਕੇ ਪੂਰੀਆਂ ਕਰਵਾਉਂਦੇ ਦੇਖੇ ਜਾਂਦੇ ਹਨ। ਅੰਤਮ ਸੱਚ ਦੇ, ਨਾ ਮੁਸਲਮਾਨ ਅਤੇ ਨਾ ਹਿੰਦੂ ਚਾਹਵਾਨ ਸਨ। ਜੇ ਉਹ ਸਵਰਗ ਦੀ ਲਾਲਸਾ ਰਖਦੇ ਸਨ ਤਾਂ ਮੁਸਲਮਾਨ ਭੀ ਬਹਿਸ਼ਤ ਅਤੇ ਬਹਿਸ਼ਤ ਦੀਆਂ ਹੂਰਾਂ ਦੀ ਖ਼ਾਹਸ਼ ਰਖਦੇ ਸਨ। ਭਾਈ ਗੁਰਦਾਸ ਜੀ ਨੇ ਟੂਕ ਦਿੰਦਿਆਂ ਠੀਕ ਕਿਹਾ ਹੈ :—

ਸਚੁ ਕਿਨਾਰੇ ਰਹਿ ਗਿਆ, ਖਹਿ ਮਰਦੇ ਬਾਮ੍ਹਣ ਮਉਲਾਣੇ ।੨੧।(੧)

ਬੋਧੀ ਅਤੇ ਜੈਨੀ ਭੀ ਸਤਿਗੁਰਾਂ ਦੇ ਸਮੇਂ ਵਿਚ ਵਿਚਰਦੇ ਸਨ, ਪਰ ਉਹਨਾਂ ਨੂੰ ਅੰਤਮ ਸੱਚ ਬਾਰੇ ਸ਼ੰਕਾ ਸੀ ਕਿ ਪਤਾ ਨਹੀਂ ਰੱਬ ਹੈ ਵੀ ਕਿ ਨਹੀਂ ? ਇਸ ਲਈ ਇਹਨਾਂ ਦਾ ਬਹੁਤਾ ਜ਼ੋਰ ਸਦਾਚਾਰ ਤੇ ਹੀ ਰਿਹਾ, ਅਸ਼ਟਮ ਮਾਰਗ, ਜਾਂ ਪੰਜ ਯਮ ਤੇ ਪੰਜ ਨਿਯਮ। ਇਹ ਸਭ ਮਨੁੱਖਾਂ ਨੂੰ ਸਦਾਚਾਰੀ ਬਣਾਉਂਦੇ ਹਨ, ਪਰ ਇਹ ਨਹੀਂ ਸਮਝਾਉਂਦੇ ਕਿ ਉਹ ਸਦਾਚਾਰੀ ਕਿਉਂ ਬਣੇ ? ਅਹਿੰਸਾ ਧਾਰਨ ਕਰੇ ਤਾਂ ਕਿਉਂ ? ਜੈਨ ਮਾਰਗ ਨੇ ਅਹਿੰਸਾ ਦਾ ਉਹ ਜਲੂਸ ਕਢਿਆ ਕਿ ਮਨੁੱਖ ਸਾਹ ਲੈਣ ਤੋਂ ਭੀ ਡਰੇ, ਰੋਟੀ-ਪਾਣੀ ਭੀ ਜੇ ਵਸ ਲਗੇ ਤਾਂ ਨ ਖਾਏ, ਕਿਉਂਕਿ ਇਸ਼ ਨਾਲ **ਵੀ ਜੀਵ-**ਹਤਿਆ ਹੋ ਸਕਦੀ ਹੈ।

ਇਹ ਤਾਂ ਗੁਰਦੇਵ ਜੀ ਦਾ ਮਹਾਨ ਪਰਉਪਕਾਰ ਹੈ ਕਿ ਉਹਨਾਂ ਨੇ ਆਪਣੇ ਸਿਖਾਂ ਨੂੰ ਸੁਮਤਿ ਬਖਸ਼ੀ ਕਿ ਅਹਿੰਸਾ ਦੇ ਵਹਿਮ ਵਿਚ ਪੈਣ ਦੀ ਲੋੜ ਨਹੀਂ। ਵਾਹਿਗੁਰੂ ਜੀ ਨੇ ਰਚਨਾ ਨੂੰ ਚਲਦਿਆਂ ਰੱਖਣ ਲਈ ਜੀਵਾਂ ਦਾ ਅਹਾਰ ਜੀਵ ਹੀ ਬਣਾਇਆ ਹੈ। ਕੋਈ ਘਾਹ ਖਾਂਦਾ ਹੈ ਤੇ ਕੋਈ ਮਾਸ ਖਾ ਰਿਹਾ ਹੈ। ਇਉਂ ਚੌਰਾਸੀ ਲਖ ਜੂਨਾਂ ਨੂੰ ਰਿਜ਼ਕ ਮਿਲ ਰਿਹਾ ਹੈ।

ਸਤਿਗੁਰੂ ਜੀ ਨੇ ਜਿਸ ਮਨੁੱਖ ਦੀ ਤਸਵੀਰ ਪੰਜ ਸੌ ਵਰ੍ਹੇ ਪਹਿਲਾਂ ਘੜੀ ਸੀ, ਉਹ ਇਕ ਤੇਜੱਸਵੀ ਗਿਆਨੀ ਪੁਰਖ ਦੀ ਸੀ, ਜਿਸ ਨੂੰ ਨਰਕ-ਸੁਰਗ, ਦੋਜ਼ਕ-ਬਹਿਸ਼ਤ, ਮੁਕਤੀ ਤੇ ਹੂਰਾਂ ਦੀ ਕੋਈ ਝਾਕ ਨਹੀਂ ਸੀ।

ਕਈ ਬੈਕੁੰਠ ਨਾਹੀ ਲਵੈ ਲਾਗੇ ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥ ੮॥

(ਮਾਰੂ ਮ: ੫, ਪੰਨਾ ੧੦੭੮)

ਹਿੰਦੂ ਸਮਾਜ ਤੇਜ ਦੀ ਪੂਜਾ ਕਰਦਾ ਰਿਹਾ ਹੈ। ਕੁਦਰਤ ਵਿਚ ਦੇਵੀ ਦੇਵਤੇ ਸ਼ਕਤੀ ਮੰਨੇ ਗਏ ਹਨ। ਇਹ ਤੇਜ ਹਨ। ਇਹਨਾਂ ਦੀ ਪੂਜਾ ਕੀਤੀ ਜਾਂਦੀ ਹੈ। ਕਈ ਪ੍ਰਕਾਰ ਦੇ ਦੇਵਤੇ ਤੇਜ ਦੇ ਪਰਤੀਕ ਮੰਨ ਕੇ ਹੁਣ ਭੀ ਪੂਜੇ ਜਾ ਰਹੇ ਹਨ। ਕੁਦਰਤ ਵਿਚ ਕਾਦਰ ਆਪਣੇ ਆਪ ਦਾ ਪ੍ਰਗਟਾਅ ਤੇਜ ਰਾਹੀਂ ਕਰਦਾ ਆ ਰਿਹਾ ਹੈ। ਸੂਰਜ, ਚੰਦ, ਸਿਤਾਰੇ, ਸਭ ਉਸ ਤੇਜ ਦੇ ਬਿੰਬ ਹਨ। ਸਤਿਗੁਰਾਂ ਨੇ ਦੋ ਸੌ ਤੀਹ ਸਾਲ ਦੇ ਪ੍ਰਚਾਰ ਉਪਰੰਤ (ਜਦੋਂ ਆਪ ਦੇਹ ਰੂਪ ਵਿਚ ਸੰਗਤਾਂ ਵਿਚ ਵਿਚਰਦੇ ਸਨ) ਤੇ ਹੁਣ ੧੭੦੮ ਤੋਂ ਅਜ ਤਕ ੨੮੦ ਸਾਲਾਂ ਦੌਰਾਨ ਜਦੋਂ ਆਪ **ਸ਼ਬਦ** ਸਰੂਪ ਵਿਚ ਪ੍ਰਕਾਸ਼ਮਾਨ ਹਨ, ਖਾਲਸਾ ਤਿਆਰ ਕੀਤਾ, ਜੋ ਤੇਜ ਦੇ ਬਿੰਬਾਂ ਦਾ ਪੁਜਾਰੀ ਨਹੀਂ ਬਣਾਇਆ, ਬਲਕਿ ਉਸ ਨੇ ਤੇਜ ਨੂੰ ਖ਼ੁਦ ਧਾਰਨ ਕੀਤਾ। ਉਹ ਤੇਜ-ਧਾਰਕ ਖਾਲਸਾ ਹੈ। ਦਸਵੇਂ ਸਤਿਗੁਰਾਂ ਨੇ ਭੀ ਮੁਹਰ ਲਾਈ—

**ਜਬ ਲਗ** ਖਾਲਸਾ ਰਹੇ ਨਿਆਰਾ ॥ **ਤਬ ਲਗ** ਤੇਜ ਦੀਓ ਮੈਂ ਸਾਰਾ ॥
ਜਬ ਇਹ ਗਹੇ ਬਿਪਰਨ ਕੀ ਰੀਤਿ ॥ ਮੈਂ ਨ ਕਰੋਂ ਇਨ ਕੀ ਪਰਤੀਤ ॥

ਤੇਜ-ਧਾਰਕ ਖਾਲਸਾ, ਭਾਰਤੀ ਅਤੇ ਸਾਮੀ ਧਰਮਾਂ ਤੋਂ ਕੀ, ਵਿਸ਼ਵ ਦੇ ਸਾਰੇ ਧਰਮ-ਪ੍ਰੰਪਰਾਵਾਂ ਤੋਂ ਨਿਆਰਾ ਮਨੁੱਖ ਘੜਿਆ। ਹੁਣ ਵੇਖਣਾ ਇਹ ਹੈ ਕਿ ਅਜਿਹੇ ਨਿਆਰੇ, ਵਿਲੱਖਣ ਮਨੁਖ ਦੀ ਕੀ ਵਿਲੱਖਣਤਾ ਹੈ ਜੋ ਹੋਰਨਾਂ ਵਿਚ ਨਹੀਂ।



www.AKJ.Org

ਗੁਰਬਾਣੀ, ਦਸਵੇਂ ਪਾਤਸ਼ਾਹ ਦੀ ਬਾਣੀ ਜਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਆਧਾਰ ਤੇ ਆਉ ਖਾਲਸੇ ਦੇ ਸੋਹਣੇ ਸਜੀਲੇ ਸਰੂਪ ਦੇ ਦਰਸਨ ਕਰੀਏ ।

(੧)

ਖਾਲਸਾ ਸ੍ਰੀ ਅਕਾਲ ਪੁਰਖ ਕੀ ਫੌਜ ਹੈ ਅਤੇ ਇਹ ਸ੍ਰੀ ਅਕਾਲ ਜੀ ਦੀ ਮੌਜ ਵਿਚੋਂ ਪਰਗਟ ਹੋਇਆ ਹੈ ।

ਖਾਲਸਾ ਅਕਾਲ ਪੁਰਖ ਕੀ ਫੌਜ ॥ ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ ॥

(ਸਰਬ ਲੋਹ ਗ੍ਰੰਥ ਵਿਚੋਂ)

ਦਸਵੇਂ ਪਾਤਸ਼ਾਹ ਨੇ ਖਾਲਸੇ ਦਾ ਦ੍ਰਿਸ਼ਟੀਕੋਣ ਸਭ ਤੋਂ ਉਚਾ ਕੀਤਾ ਕਿ ਖਾਲਸਾ ਹੋਰਨਾਂ ਚੌਰਾਸੀ ਦੀਆਂ ਜੂਨਾਂ ਵਾਂਗ ਇਕ ਜੂਨ ਨਹੀਂ ਹੈ । ਬਾਕੀ ਦੀਆਂ ਜੂਨਾਂ ਕਰਮ-ਕਾਂਡ ਦੇ ਚੱਕਰ ਵਿਚ ਜੰਮਦੀਆਂ ਮਰਦੀਆਂ ਫਿਰਦੀਆਂ ਹਨ । ਪਰ ਖਾਲਸਾ ਸ੍ਰੀ ਅਕਾਲ ਪੁਰਖ ਜੀ ਦੀ ਮੌਜ ਵਿਚੋਂ ਉਪਜਿਆ ਹੈ । ਇਸ ਦ੍ਰਿਸ਼ਟੀਕੋਣ ਨੇ ਖਾਲਸੇ ਦੀ ਬਿਰਤੀ ਅੰਦਰ ਇਕ ਇਨਕਲਾਬ ਲੈ ਆਂਦੇ ਕਿ ਚੋਰਾਸੀ ਦੇ ਗੇੜ ਦੇ ਮਾਰੇ ਜੀਵਾਂ ਦੀ ਅਧੀਨਗੀ ਵਿਚ ਕੀ ਰਹਿਣੈ ।

ਖਾਲਸਾ, ਵਾਹਿਗੁਰੂ ਜੀ ਕਾ ਹੈ, ਇਸ ਲਈ ਉਹ ਕੇਵਲ ਗੁਰੂ ਕਰਤਾਰ ਨੂੰ ਆਪਣੇ ਕੀਤੇ ਕਰਮਾਂ ਲਈ ਜਵਾਬ-ਦੇਹ ਹੈ । ਗੁਰਬਾਣੀ ਭੀ ਖਾਲਸੇ ਨੂੰ ਇਹੋ ਸਮਝਾਉਂਦੀ ਹੈ ਕਿ ਹੋਰਨਾਂ ਜੂਨਾਂ ਦਾ ਲੇਖਾ-ਜੋਖਾ ਧਰਮ ਰਾਜਾ ਕਰਦਾ ਹੈ, ਪਰ ਖਾਲਸੇ ਦਾ ਲੇਖਾ ਨਹੀਂ—

ਧਰਮ ਰਾਇ ਹੈ ਹਰਿ ਕਾ ਕੀਆ, ਹਰਿਜਨ ਸੇਵਕ ਨੇੜਿ ਨ ਆਵੈ ॥ ੧੭ ॥

(ਬਿਹਾਗੜੇ ਕੀ ਵਾਰ ਮ: ੪, ਪੰਨਾ ੫੫੫)

ਜਿਨ ਕਉ ਕ੍ਰਿਪਾ ਕਰੀ ਜਗਜੀਵਨਿ, ਹਰਿ ਉਰਿ ਧਾਰਿਉ ਮਨ ਮਾਝਾ ॥
ਧਰਮ ਰਾਇ ਦਰਿ ਕਾਗਦ ਫਾਰੇ, ਜਨ ਨਾਨਕ ਲੇਖਾ ਸਮਝਾ ॥

(ਜੈਤਸਰੀ ਮ: ੪, ਪੰਨਾ ੬੯੮)

ਭਾਵ, ਜਿਨ੍ਹਾਂ ਨੂੰ ਸਤਿਗੁਰੂ ਜੀ ਆਪਣਾ ਸੱਚਾ ਸੁੱਚਾ ਸਿਖ ਬਣਾ ਲੈਂਦੇ ਹਨ, ਉਹਨਾਂ ਦਾ ਧਰਮ ਰਾਜ ਨਾਲ ਲੇਖਾ ਮੁਕ ਜਾਂਦਾ ਹੈ ।

ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ, ਤਿਨ੍ ਕਾ ਲੇਖਾ ਨਿਬੜਿਆ ॥੧੮॥

(ਆਸਾ ਮ: ੩, ਪੰਨਾ ੪੩੫)

ਇਹ ਇਕ ਬੜੀ ਵੱਡੀ ਇਨਕਲਾਬੀ ਗੱਲ ਹੈ । ਬਿਪਰਾਂ (ਬ੍ਰਾਹਮਣਾਂ) ਨੇ ਭਾਰਤ ਵਾਸੀਆਂ ਨੂੰ ਧਰਮ ਰਾਜੇ ਦਾ ਇਤਨਾ ਡਰ ਪਾਇਆ ਹੋਇਆ ਹੈ ਕਿ ਜੀਵਤ ਮਨੁਖਾਂ ਦਾ ਹੁਣ ਤਕ ਸਾਹ ਸੁਕਿਆ ਨਜ਼ਰ ਆਉਂਦਾ ਹੈ । ਉਹ ਸਹਿਮੇ ਸਹਿਮੇ ਕਰਮ ਕਰਦੇ ਹਨ । ਮਾਨਸਿਕ ਤੌਰ ਤੇ ਉਹ ਨ ਇਸ ਲੋਕ ਵਿਚ ਜ਼ਿੰਦਾ-ਦਿੱਲੀ ਨਾਲ ਜੀਉਣ ਜੋਗੇ ਹਨ ਅਤੇ ਨਾ ਹੀ ਪਰਲੋਕ ਵਿਚ । ਪਰ ਜਿਸ ਨੂੰ ਸਤਿਗੁਰਾਂ ਨੇ ਆਪਣੇ ਗਲੇ ਲਗਾ ਲਿਆ, ਅਤੇ ਅੰਮ੍ਰਿਤ ਦੀ ਦਾਤ ਬਖਸ਼ੀ, ਉਹ ਪ੍ਰਾਣੀ, ਭਾਵੇਂ ਨੀਚ ਜਾਤਿ ਦਾ ਹੈ, ਜਾਂ ਪਹਿਲਾਂ ਦਾ ਨੀਚ-ਕਰਮੀ ਕਿਉਂ ਨਾ ਹੋਵੇ, ਉਸ ਨੂੰ ਵਾਹਿਗੁਰੂ ਜੀ ਦੀ ਦਰਗਾਹੇ ਪੂਰਨ ਬਖਸ਼ਸ਼ ਮਿਲਣ ਦਾ ਪੂਰਨ ਭਰੋਸਾ ਮਿਲਦਾ ਹੈ । ਸ਼ਰਤ ਇਕੋ ਹੈ—

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥
ਜਾਂ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥
ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥
ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ॥
ਇਹ ਚਾਲ ਨਿਰਾਲੀ ਗੁਰਮੁਖੀ, ਗੁਰਦੀਖਿਆ ਸੁਣਿ ਮਨੁ ਭਿੰਨੇ ॥੨੫॥

(ਗਉੜੀ ਕੀ ਵਾਰ ਮ: ੪, ਪੰਨਾ ੩੧੪)

ਕਰੜੀ ਸ਼ਰਤ ਕੇਵਲ ਇਹੋ ਹੈ ਕਿ ਸਤਿਗੁਰੂ ਜੀ ਤੋਂ ਨਾਮ ਜਪਣ ਦਾ ਜੋ ਉਪਦੇਸ਼ ਮਿਲਦਾ ਹੈ, ਜਾਂ ਗੁਰਸਿਖ-



www.AKJ.Org

ਰਹਿਤ-ਰਹਿਣੀ ਵਿਚ ਵਿਚਰਨ ਦਾ ਜੋ ਹੁਕਮ ਮਿਲਦਾ ਹੈ, ਉਸ ਨੂੰ ਸਿੱਦਕ-ਦਿੱਲੀ ਨਾਲ ਕਮਾਉਣਾ ਹੈ। ਖਾਲਸੇ ਦੀ ਇਹ ਰੀਤ ਨਿਰਾਲੀ ਹੈ, ਇਹ ਪ੍ਰੀਤ ਵਿਲੱਖਣ ਹੈ ਅਤੇ ਇਸ ਦਾ ਅੰਜਾਮ ਭੀ ਸਭ ਫ਼ਿਲਾਸਫ਼ੀਆਂ ਤੋਂ ਵਿਲੱਖਣ ਹੈ। ਸਤਿਗੁਰ ਜੀ ਨੂੰ ਪਰਵਾਨ ਹੋਇਆ ਸਿਖ 'ਖਾਲਸਾ' ਅਖਵਾਉਂਦਾ ਹੈ। ਅਤੇ ਖਾਲਸਾ ਵਾਹਿਗੁਰੂ ਜੀ ਦਾ ਖ਼ਾਸੁਲ-ਖ਼ਾਸ ਨਿਜੀ ਸੇਵਕ ਹੁੰਦਾ ਹੈ। ਉਹ ਸੰਸਾਰ ਦੇ ਐਰੇ-ਗ਼ੈਰੇ, ਮਾੜੂ ਜਿਹੇ ਹੁਕਮਰਾਨਾਂ ਦੇ ਅਧੀਨ ਨਾ ਕਦੀ ਰਿਹਾ ਹੈ, ਅਤੇ ਨਾ ਕਦੀ ਰਹੇਗਾ।

ਦਸਮੇਸ਼ ਸਤਿਗੁਰੂ ਜੀ ਖਾਲਸਈ ਸਿਖਰ ਦਾ ਪਰਤੀਕ ਹਨ। ਪਹਾੜੀ ਰਾਜਿਆਂ ਵਿਚਕਾਰ ਪੂਰਨ ਛੱਬ (Grace) ਨਾਲ ਰਹਿੰਦੇ ਰਹੇ। ਪਹਾੜੀ ਰਾਜੇ ਨਗਾਰਾ ਨਹੀਂ ਸੀ ਵਜਾ ਸਕਦੇ, ਕਿਉਂਕਿ ਉਹ ਕੇਵਲ ਮੁਗ਼ਲ ਹੁਕਮਰਾਨਾਂ ਦਾ ਨਿਜ-ਅਧਿਕਾਰ ਸੀ। ਪਰ ਦਸਮੇਸ਼ ਜੀ ਦਾ ਰਣਜੀਤ ਨਗਾਰਾ ਉਦੋਂ ਭੀ ਵਜਦਾ ਸੀ। ਉਦੋਂ ਜਦੋਂ ਆਮ ਹਿੰਦੂ ਨੂੰ ਘੋੜੇ ਦੀ ਸਵਾਰੀ ਕਰਨਾ ਮੁਗ਼ਲ ਸਰਕਾਰ ਵਲੋਂ ਮਨ੍ਹਾ ਸੀ, ਖਾਲਸਾ ਜੀ ਉਹਨਾਂ ਜਾਬਰਾਂ ਦੇ ਅਤਿ ਕਰੜੇ ਜਬਰ ਸਮੇਂ ਭੀ ਘੋੜੇ ਤੇ ਹੀ ਸਵਾਰ ਹੁੰਦਾ ਸੀ ਅਤੇ ਜੰਗਾਂ-ਜੁਧਾਂ ਵਿਚ ਘੋੜ-ਸਵਾਰੀ ਕਰਨਾ ਉਹਨਾਂ ਦਾ ਕਮਾਲ ਸੀ।

ਉਹ ਕਿਹੜੀ ਚੀਜ਼ ਸੀ ਜੋ ਉਹਨਾਂ ਦੀ ਸਪਿਰਿਟ ਨੂੰ ਉਚਿਆਂ ਰਖਦੀ ਸੀ ? ਔਰੰਗਜ਼ੇਬ ਦੇ ਦਰਬਾਰ ਵਿਚ ਕਿਸੇ ਗ਼ੈਰ-ਮੁਸਲਮਾਨ ਨੇ ਗੱਜ ਕੇ ਫਤਹ ਨਹੀਂ ਬੁਲਾਈ, ਪਰ ਧੰਨ ਹਨ ਭਾਈ ਦੱਯਾ ਸਿੰਘ ਜੀ ਜਿਨ੍ਹਾਂ ਨੇ ਔਰੰਗਜ਼ੇਬ ਦੀ ਕਚਹਿਰੀ ਵਿਚ, ਬਜਾਏ ਇਸਲਾਮੀ ਰਵਾਇਤ ਅਨੁਸਾਰ ਤਿੰਨ ਵਾਰੀ ਝੁਕ ਝੁਕ ਕੇ ਸਲਾਮ ਕਰਨ ਦੇ, ਗੱਜ ਕੇ ਫ਼ਤਹ ਗੁੰਜਾਈ, ਜਿਸ ਨਾਲ ਮੁਗ਼ਲ ਦਰਬਾਰੀ ਤੇ ਔਰੰਗਜ਼ੇਬ ਚੌਂਕ ਉਠੇ ਕਿ ਇਹ ਕੀ ਬਲਾ ਆ ਪਈ ਹੈ ? ਉਨ੍ਹਾਂ ਅਨੁਮਾਨ ਲਾ ਲਿਆ ਸੀ ਕਿ ਜਿਸ ਦਾ ਸਾਜਿਆ ਖਾਲਸਾ ਇਤਨਾ ਦਲੇਰ ਹੈ, ਉਸਦੇ ਸਾਜਣਹਾਰ ਸਤਿਗੁਰੂ ਕਿਤਨੇ ਦਲੇਰ ਹੋਣਗੇ। ਉਹ ਦਲੇਰੀ, ਉਹ ਜੁਰਅਤ, ਉਹ ਨਿਰਭੈਤਾ ਤੇ ਨਿਰਵੈਰਤਾ ਖਾਲਸੇ ਨੂੰ ਕਿਥੋਂ ਮਿਲਦੀ ਰਹੀ ? ਜਿਥੇ ਨਾਮ ਹੈ, ਉਥੇ ਗੁਰੂ ਹੁੰਦਾ ਹੈ, ਉਥੇ ਕਰਤਾਰ ਵਸਦਾ ਹੈ। ਜਿਥੇ ਗੁਰੂ ਕਰਤਾਰ ਵਸ ਜਾਏ, ਉਥੇ ਡਰ ਕਿਥੇ ? ਉਥੋਂ ਧਰਮਰਾਜੇ ਦਾ ਤ੍ਰਾਸ ਕਿਥੇ ?

ਮਥੁਰਾ ਭੱਟ ਨੇ ਗੁਰੂ ਕੇ ਖਾਲਸੇ ਦਾ ਜੋ ਨਕਸ਼ਾ ਖਿਚਿਆ ਹੈ ਉਹ ਦੇਖਣ ਵਾਲਾ ਹੈ। ਚੇਤੇ ਰਹੇ ਮਥੁਰਾ ਭੱਟ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਸੀ ਅਤੇ ਉਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ ਹੈ। ਭੱਟ ਉਸਤਤਿ ਕਰਦਾ ਕਹਿੰਦਾ ਹੈ–

ਸੰਤਤ ਹੀ ਸਤਸੰਗਤਿ ਸੰਗ, ਸੁਰੰਗ-ਰਤੇ ਜਸੁ ਗਾਵਤ ਹੈ ॥
ਧ੍ਰਮ ਪੰਥੁ ਧਰਿਓ ਧਰਨੀਧਰ ਆਪਿ, ਰਹੇ ਲਿਵ ਧਾਰਿ ਨ ਧਾਵਤ ਹੈ ॥
ਮਥੁਰਾ ਭਨਿ, ਭਾਗ ਭਲੇ ਉਨ ਕੇ, ਮਨ ਇਛਤ ਹੀ ਫਲ ਪਾਵਤ ਹੈ ॥
ਰਵਿ ਕੇ ਸੁਤ ਕੋ ਤਿਨ ਤ੍ਰਾਸੁ ਕਹਾ, ਜੁ ਚਰੰਨ ਗੁਰੂ ਚਿਤੁ ਲਾਵਤ ਹੈ ॥੩॥

(ਸਵਯੇ ਮ: ੪, ਪੰਨਾ ੧੪੦੪)

ਭਾਵ, ਗੁਰੂ ਕੇ ਸਿਖ ਸਤਸੰਗਤ ਵਿਚ ਵਾਹਿਗੁਰੂ ਜੀ ਦਾ ਜਸ ਬੜੇ ਰੰਗਾਂ ਵਿਚ ਗਾਉਂਦੇ ਹਨ। ਇਸ ਪੰਥ ਨੂੰ ਧਰਨੀਧਰ ਪ੍ਰਭੂ ਨੇ ਆਪ ਸਾਜਿਆ ਹੈ ਤੇ ਇਹ ਲੋਕ ਪ੍ਰਭੂ ਨਾਲ ਲਿਵ ਲਗਾਈ ਰਖਦੇ ਹਨ, ਕਿਸੇ ਹੋਰ ਪਾਸੇ ਧਿਆਨ ਨਹੀਂ ਦਿੰਦੇ। ਮਥੁਰਾ ਭੱਟ ਕਹਿੰਦਾ ਹੈ ਕਿ ਇਹਨਾਂ ਸਿਖਾਂ ਦੇ ਚੰਗੇ ਭਾਗ ਹਨ ਜਿਨ੍ਹਾਂ ਨੂੰ ਮਨ-ਇੱਛਤ ਫੱਲ ਹਰਿ-ਨਾਮ ਜਪਣ ਨਾਲ ਮਿਲ ਜਾਂਦੇ ਹਨ। ਇਨ੍ਹਾਂ ਨੂੰ ਸੂਰਜ ਦੇ ਪੁਤਰ, ਧਰਮ ਰਾਜੇ ਦਾ ਕੀ ਡਰ ? ਇਹਨਾਂ ਨੇ ਤਾਂ ਗੁਰੂ ਦੇ ਚਰਨਾਂ (ਹਰਿ ਨਾਮ) ਨਾਲ ਆਪਣਾ ਚਿਤ ਲਾਇਆ ਹੋਇਆ ਹੈ।

ਖਾਲਸੇ ਅੰਦਰ ਗੁਰੂ ਦਾ ਬਖਸ਼ਿਆ ਨਾਮ ਵਸਦਾ ਹੈ, ਨਾਮ ਦੀ ਲਾਲੀ ਹੈ, ਨਾਮ ਨਾਲ ਚੜ੍ਹਦੀ ਕਲਾ ਹੈ।

ਕੀ ਅੱਜ ਦਾ ਖਾਲਸਾ ਉਹ ਖਾਲਸਾ ਨਹੀਂ ਰਿਹਾ ? ਇਸ ਦਾ ਉੱਤਰ ਅੱਜ ਦੇ ਖਾਲਸੇ ਦੇ ਅਮਲੀ ਜੀਵਨ



www.AKJ.Org

ਤੋਂ ਲੈਣਾ ਉਚਿਤ ਹੋਵੇਗਾ । ਅੱਜ ਖਾਲਸਾ ਸੁਖ-ਰਹਿਣੀਆ ਬਣ ਗਿਆ ਹੈ । ਨਾ ਉਹ ਸਤਿਗੁਰੂ ਦੀ ਸੇਵਾ ਕਰਦਾ ਹੈ, ਨਾ ਗੁਰਦੀਖਿਆ ਸੁਣ ਕੇ ਉਸ ਦਾ ਮਨ ਪਤੀਜਦਾ ਹੈ । ਸਗੋਂ ਚੌਰਾਸੀ ਲੱਖ ਜੂਨੀਆਂ ਨਾਲ ਉਸ ਦੀ ਹੁਣ ਭਾਈਵਾਲੀ ਹੈ । ਉਹ ਆਪਣੇ ਆਪ ਨੂੰ ਗੁਰੂ ਕਾ, ਜਾਂ ਨਿਆਰਾ ਅਖਵਾਉਣ ਵਿਚ ਫ਼ਖ਼ਰ ਦੀ ਥਾਂ ਹੀਣਤਾ (Complex) ਮਹਿਸੂਸ ਕਰਦਾ ਹੈ । ਸੈਕੂਲਰ ਖਾਲਸਾ ਗੁਰੂ ਕਾ ਖਾਲਸਾ ਕਿਵੇਂ ਬਣੇ ? ਇਹੋ ਉਸ ਦੀ ਮਾਨਸਿਕ ਕਮਜ਼ੋਰੀ ਹੈ, ਜਿਸ ਕਰਕੇ ਉਹ ਗੁਰੂ ਦੇ ਤੇਜ ਤੋਂ ਵਾਂਝਿਆ ਹੋਇਆ ਹੈ । ਨਿਤਨੇਮ, ਨਾਮ, ਬਾਣੀ, ਸਤਿਸੰਗਤ ਤੋਂ ਉਹ ਟੁਟ ਰਿਹਾ ਹੈ, ਇਸ ਲਈ ਉਹ ਭੈਭੀਤ ਰਹਿੰਦਾ ਹੈ । ਫਤਹ ਬੁਲਾਉਣ ਤੋਂ ਇਸ ਲਈ ਸੰਕੋਚਦਾ ਹੈ, ਕਿਉਂਕਿ ਇਹ ਪੁਰਾਤਨ ਸਿਖਾਂ ਵਿਚ ਪਰਚਲਤ ਸੀ ਤੇ ਉਹ ਨਵੀਂ ਰੌਸ਼ਨੀ ਵਿਚ ਪੜ੍ਹਿਆ ਹੈ, ਹੁਣ 'ਹੈਲੋ, ਗੁਡ ਮਾਰਨਿੰਗ' ਉਸਦੇ ਸੰਬੋਧਨ ਵਾਕ ਹਨ ।

ਮੁਕਦੀ ਗੱਲ ਇਹ ਕਿ ਖਾਲਸਾ, ਹੁਣ ਗੁਰੂ ਗੋਬਿੰਦ ਸਿੰਘ ਜੀ ਦਾ ਪੁਤਰ ਨਹੀਂ ਰਿਹਾ, ਸ੍ਰੀ ਅਨੰਦਪੁਰ ਨਾਲ ਉਸ ਦਾ ਕੋਈ ਦੂਰ ਦਾ ਸੰਬੰਧ ਵੀ ਨਹੀਂ । ਉਹ ਜੰਮਿਆ ਜ਼ਰੂਰ ਸਿਖਾਂ ਦੇ ਘਰ ਹੈ, ਪਰ ਕਰਮ-ਕਰਤੂਤ ਕਰਕੇ ਉਹ ਸਿਖ ਨਹੀਂ । ਜੇ ਗੁਰ-ਫ਼ੁਰਮਾਨਾਂ ਅਨੁਸਾਰ ਕੋਈ ਬ੍ਰਾਹਮਣ ਦੇ ਘਰ ਜੰਮ ਕੇ ਬ੍ਰਾਹਮਣ ਨਹੀਂ ਬਣ ਸਕਦਾ ਜੇ ਉਹ ਬ੍ਰਹਮ ਦੀ ਵਿਚਾਰ ਨਾ ਕਰੇ, ਤਾਂ ਫਿਰ ਕੀ ਸਿਖ ਦੇ ਘਰ ਜਨਮਿਆ ਬੱਚਾ ਸਿਖ ਹੋ ਸਕਦਾ ਹੈ ਜੇ ਉਹ ਅੰਮ੍ਰਿਤ ਨਾ ਛਕੇ ? ਜਾਂ ਗੁਰਮਤਿ ਰਹਿਤ ਰਹਿਣੀ ਦਾ ਧਾਰਨੀ ਨਾ ਬਣੇ ? ਕਦਾਚਿਤ ਨਹੀਂ । ਫ਼ੁਰਮਾਨ ਹੈ :–

ਜੇਹਾ ਘਾਲੇ ਘਾਲਣਾ, ਤੇਵੇਹੋ ਨਾਉ ਪਚਾਰੀਐ ॥੧੨॥ (ਆਸਾ ਦੀ ਵਾਰ, ਪੰਨਾ ੪੬੯)

ਅਜ ਖਾਲਸਾ ਅਖਵਾਂਦੇ ਸਿਖਾਂ ਨੂੰ ਕਿਉਂ ਗਿਦੜਾਂ ਨੇ ਘੇਰ ਰਖਿਆ ਹੈ ? ਉਤਰ ਇਕੋ ਹੈ, ਕਿ ਅੱਜ ਖਾਲਸਾ ਕੇਵਲ ਸ਼ੇਰ ਦੀ ਖੱਲ ਪਾਈ ਬੈਠਾ ਹੈ । ਅੰਦਰੋਂ ਸ਼ੇਰ ਨਹੀਂ, ਕੁਝ ਹੋਰ ਹੀ ਹੈ । ਇਸ ਦੇ ਸ਼ੇਰਾਂ ਵਾਲੇ ਕਰਤੱਵ ਨਹੀਂ ਰਹੇ । ਇਸੇ ਲਈ ਸ਼ੇਰਾਂ ਵਾਲਾ ਰੁਹਬ ਨਹੀਂ ਪੈਂਦਾ । ਇਹੋ ਕਾਰਨ ਹੈ ਕਿ ਅੱਜ ਸਮੂਹ ਸੰਸਾਰ ਵਿਚ ਖਾਲਸੇ ਦੀ ਮਾਨ-ਹਾਨੀ ਹੋਈ ਹੈ । ਖਾਲਸੇ ਦਾ ਬਾਹਰ-ਮੁਖੀ ਸ੍ਵਾਂਗ, ਜੋ ਉਸ ਨੇ ਪਹਿਨ ਰਖਿਆ ਹੈ, ਉਹ ਮੁਲੰਮੇ ਵਾਂਗ ਉਘੜ ਆਇਆ ਹੈ–

ਉਘਰਿ ਗਇਆ ਜੈਸਾ ਖੋਟਾ ਢਬੂਆ, ਨਦਰਿ ਸਰਾਫਾਂ ਆਇਆ ॥
ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ ॥ ੩ ॥ ੪੨ ॥
(ਆਸਾ ਮ: ੫, ਪੰਨਾ ੩੮੧)

ਗੱਲ ਇਥੋਂ ਤੋਰੀ ਸੀ ਕਿ ਖਾਲਸਾ ਅਕਾਲ ਪੁਰਖ ਦੀ ਫੌਜ ਹੈ । ਭਾਵ, ਖਾਲਸਾ ਇਕ ਫੌਜੀ ਹੈ, ਇਕ ਸਿਪਾਹੀ ਹੈ । ਇਸ ਸਿਪਾਹੀ ਦੇ ਜ਼ਿਮੇ ਕੰਮ ਲਗਾ ਹੈ–ਦੁਸ਼ਟਾਂ ਦਾ ਨਾਸ ਕਰਨਾ, ਧਰਮ ਦਾ ਪ੍ਰਚਾਰ ਕਰਨਾ, ਇਸ ਅਗਿਆਨ-ਮਈ ਅੰਧ-ਅੰਧੇਰੇ ਸੰਸਾਰ ਵਿਚ ਕੇਵਲ ਸ੍ਰੀ ਅਕਾਲ ਪੁਰਖ ਜੀ ਦੀ ਭਗਤੀ ਆਪ ਕਰਨੀ ਅਤੇ ਆਪਣੇ ਸੰਗੀ-ਸਾਥੀਆਂ ਨੂੰ ਭੀ ਇਸ ਪ੍ਰੇਮਾ-ਭਗਤੀ ਮਾਰਗ ਤੇ ਲਾਉਣਾ । ਭਾਵ, ਜੋ ਮਿਸ਼ਨ ਸਤਿਗੁਰੂ ਸਾਹਿਬਾਨ ਦਾ ਇਸ ਸੰਸਾਰ ਵਿਖੇ ਸੀ, ਉਹੀ ਮਿਸ਼ਨ ਖਾਲਸਾ ਜੀ ਦਾ ਹੈ । ਦਸਮੇਸ਼ ਸਤਿਗੁਰੂ ਜੀ ਦਾ ਫ਼ੁਰਮਾਨ ਹੈ :–

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥
(ਬਚਿਤ੍ਰ ਨਾਟਕ, ਛੇਵਾਂ ਅਧਿਆਏ)

ਗੁਰੂ ਸਿਖੁ, ਸਿਖੁ ਗੁਰੂ ਹੈ, ਏਕੋ ਗੁਰ ਉਪਦੇਸੁ ਚਲਾਏ ॥
ਰਾਮ ਨਾਮ ਮੰਤੁ ਹਿਰਦੈ ਦੇਵੈ, ਨਾਨਕ ਮਿਲਣੁ ਸੁਭਾਏ ॥੮॥੨॥੯॥
(ਆਸਾ ਮ: ੪, ਪੰਨਾ ੪੪੪)



www.AKJ.Org

ਤਾਂ ਸਪੱਸ਼ਟ ਹੈ ਕਿ ਖਾਲਸੇ ਦੇ ਜ਼ਿਮੇ ਧੁਰੋਂ ਹੀ ਦੋ ਕੰਮ ਲਗੇ ਹਨ, ਆਪ ਧਰਮੀ ਪੁਰਖ ਬਣਨਾ ਅਤੇ ਦੂਜਿਆਂ ਨੂੰ ਭੀ ਧਰਮੀ ਬਣਾਉਣਾ। ਜੋ ਜੋ ਦੁਸ਼ਟ, ਧਰਮ ਦੇ ਦੋਖੀ, ਜੋ ਕਿਸੇ ਨੂੰ ਧਰਮੀ ਬਣਨ ਤੋਂ ਰੋਕਣ, ਜਾਂ ਧਰਮੀਆਂ ਨੂੰ ਦੁਖਾਉਣ, ਖਾਲਸਾ ਉਹਨਾਂ ਦਾ ਨਾਸ ਕਰੇ। ਦਸਵੇਂ ਪਾਤਸ਼ਾਹ ਦੇ ਸਮੇਂ ਨਾਨਕ-ਨਿਰਮਲ-ਪੰਥੀ, ਰਾਜ-ਕਾਜ ਵਿਚ ਉਚ ਅਸਥਾਨ ਪ੍ਰਾਪਤ ਕਰਨ ਦੀ ਥਾਂ ਸਾਧਾਰਨ ਕਿਰਤੀ ਜੀਵਨ ਬਤੀਤ ਕਰਦੇ ਸਨ, ਵਧ ਤੋਂ ਵਧ ਸਮਾਂ ਨਾਮ ਬਾਣੀ ਅਤੇ ਸਤਿਸੰਗ ਵਿਚ ਸਫਲਾ ਕਰਦੇ ਸਨ। ਲੋੜ ਪੈਣ ਤੇ ਜਦੋਂ ਵੇਲੇ ਦੀ ਹਕੂਮਤ ਖਾਲਸੇ ਦੇ ਧਰਮ ਦੇ ਰਾਹ ਵਿਚ ਰੋੜਾ ਅਟਕਾਉਣ ਲਗੀ ਤਾਂ ਖਾਲਸੇ ਨੂੰ, ਭਾਵੇਂ ਉਹ ਘਟ-ਗਿਣਤੀ ਸੀ, ਦੁਸ਼ਟਾਂ ਦੇ ਵਿਰੁਧ ਜੰਗ ਦਾ ਬਿਗਲ ਵਜਾਉਣਾ ਪਿਆ। ਇਸ ਜੰਗ ਵਿਚ ਦਸਮੇਸ਼ ਜੀ ਦੇ ਪਿਤਾ, ਮਾਤਾ ਅਤੇ ਚਾਰੋਂ ਸਾਹਿਬਜ਼ਾਦੇ, ਅਨੇਕਾਂ ਗੁਰੂ ਕੇ ਪਿਆਰੇ, ਅਤੇ ਚਾਲੀ ਮੁਕਤੇ ਸ਼ਹੀਦ ਹੋ ਗਏ। ਧਰਮ ਅਤੇ ਅਧਰਮ ਦੇ ਇਸ ਨਾ-ਮੁਕਣ ਵਾਲੇ ਘੋਲ ਵਿਚ ਇਕ ਵਾਰ ੧੮ਵੀਂ ਸਦੀ ਵਿਚ ਇਉਂ ਲਗਾ ਜਿਵੇਂ ਖਾਲਸੇ ਦਾ ਸਫਾਇਆ ਹੋ ਗਿਆ ਹੋਵੇ। ਖਾਲਸੇ ਨੂੰ ਜੰਗੀ ਮਜਬੂਰੀ ਕਰਕੇ, ਘਰ-ਘਾਟ ਛੱਡ ਕੇ ਜੰਗਲਾਂ ਵਿਚ ਲੁਕਵੀਆਂ ਠਾਹਰਾਂ ਬਨਾਣੀਆਂ ਪਈਆਂ। ਐਸੇ ਬਿਖੜੇ ਸਮਿਆਂ ਵਿਚ ਭੀ ਖਾਲਸੇ ਨੇ ਆਪਣੇ ਇਸ ਮਿਸ਼ਨ ਨੂੰ ਨਹੀਂ ਵਿਸਾਰਿਆ——ਆਪ ਗੁਰੂ ਕਰਤਾਰ ਨਾਲ ਜੁੜਨਾ ਅਤੇ ਹੋਰਨਾਂ ਨੂੰ ਭੀ ਜੋੜਨਾ। ਅਨੇਕਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਪਾਤਸ਼ਾਹ ਦੇ ਇਸ ਮਹਾਨ ਮਿਸ਼ਨ ਲਈ ਤਿਆਰ ਕਰਦਾ ਰਿਹਾ। ਪਰ ਜਦੋਂ ਖਾਲਸੇ ਨੂੰ ਦੁਸ਼ਟਾਂ ਦੋਖੀਆਂ ਉਤੇ ਜਿੱਤ ਪ੍ਰਾਪਤ ਹੋਈ, ਸ਼ਾਇਦ ਉਸ ਜਿੱਤ ਵਿਚ ਖਾਲਸਾ ਔਝੜੀਂ ਪੈ ਗਿਆ। ਮੁਲਕ-ਗੀਰੀ ਦੀ ਭੁੱਖ, ਸਰਦਾਰੀਆਂ ਦੀ ਭੁੱਖ, ਰਾਜਾ ਬਣਨ ਦੀ ਚਾਹ, ਵੱਡੇ ਵੱਡੇ ਰਾਜਨ ਤੇ ਭੂਮਨ ਅਖਵਾਉਣ ਦੀ ਲਾਲਸਾ ਨੇ ਖਾਲਸੇ ਦਾ ਅੱਧ-ਉਨੀਵੀਂ ਸੱਦੀ ਵਿਚ ਪਤਨ ਕਰ ਕੇ ਵਿਖਾ ਦਿੱਤਾ। ਰਾਜ ਅੰਗਰੇਜ਼ਾਂ ਨੇ ਖੋਹ ਲਿਆ ਅਤੇ ਖਾਲਸੇ ਨੂੰ ਨਿਹੱਥਾ ਕਰ ਕੇ ਰਖ ਦਿਤਾ ਗਿਆ। ੧੮ਵੀਂ ਸ਼ਤਾਬਦੀ ਤੋਂ ਖਾਲਸੇ ਦੇ ਧਰਮ-ਅਸਥਾਨ ਨਿਰਮਲੇ ਉਦਾਸੀਆਂ ਦੇ ਕਬਜ਼ੇ ਵਿਚ ਚਲੇ ਆ ਰਹੇ ਸਨ, ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਖਾਲਸੇ ਨੂੰ ਕਮਜ਼ੋਰ ਕਰਨ ਲਈ ਖੂਬ ਵਰਤਿਆ। ਖਾਲਸੇ ਦੀ ਕਿਰਪਾਨ ਤੇ ਵੀ ਪਾਬੰਦੀ ਲਗ ਗਈ। ਕਾਫ਼ੀ ਸੰਘਰਸ਼ ਕਰਨ ਤੋਂ ਬਾਅਦ ਖਾਲਸੇ ਨੇ ਕਿਰਪਾਨ ਅਜ਼ਾਦ ਕਰਵਾਈ।

ਖਾਲਸੇ ਨੂੰ ਆਪਣੇ ਮਿਸ਼ਨ ਤੋਂ ਥਿੜਕਾਉਣ ਦਾ ਦੂਜਾ ਦੌਰ ਅੰਗਰੇਜ਼ਾਂ ਨੇ ਅਰੰਭਿਆ। ਉਸ ਨੇ ਖਾਲਸੇ ਨੂੰ ਪਛਮੀ ਵਿਦਿਆ ਦੇ ਚੱਕਰ ਵਿਚ ਪਾ ਕੇ ਉਚ ਸਰਕਾਰੀ ਪਦ-ਪਦਵੀਆਂ ਵਲ ਪ੍ਰੇਰਿਤ ਕੀਤਾ। ਪਛਮੀ ਸਭਿਅਤਾ ਦਾ (ਮੁਲੰਮਾ) ਪਾਲਸ਼ ਲਗਾ ਕੇ ਖਾਲਸੇ ਦੇ ਅਸਲੀ ਸਰੂਪ ਨੂੰ ਨਵੀਂ ਲਿਸ਼ਕ ਦੇ ਨਾਂ ਹੇਠ ਵਿਗਾੜਿਆ ਗਿਆ। ਅੰਗਰੇਜ਼ਾਂ ਨੇ ਇਕ ਸੌ ਸਾਲ ਦੀ ਕਰੜੀ ਮਿਹਨਤ ਪਿਛੋਂ ਖਾਲਸੇ ਨੂੰ ਜੋ ਨਵਾਂ ਸਰੂਪ ਦਿੱਤਾ, ਉਸ ਵਿਚ ਖਾਲਸਈ ਤੱਤਾਂ ਦੀ ਮਾਤਰਾ ਬਹੁਤ ਥੋੜੀ ਬਾਕੀ ਰਹਿ ਗਈ, ਨੱਵੇ ਫ਼ੀ ਸਦੀ ਖਾਲਸਈ ਤੱਤ ਖ਼ਤਮ ਹੋ ਗਏ। ਦਾੜ੍ਹੀ ਰੰਗਣਾ ਤੇ ਦਾੜ੍ਹੇ ਨੂੜਨਾ ਵੀ ਇਸੇ ਸਮੇਂ ਦੀ ਦੇਣ ਹੈ। ਅੱਜ ਇਹ ਹਾਲਤ ਹੈ ਕਿ ਬਹੁਤਾ ਸਿਖ ਤਬਕਾ ਮਾਸ ਸ਼ਰਾਬ ਦਾ ਸੇਵਨ ਕਰਦਾ ਹੈ। ਜੋ ਗੁਰਸਿਖ ਅੰਮ੍ਰਿਤ ਵੇਲਾ ਸੰਭਾਲਦੇ ਜਾਂ ਮੋਖ-ਰਹਿਤ ਕੀਰਤਨ ਜਾਂ ਪਾਠ ਦੀ ਸੇਵਾ ਕਰਦੇ ਹਨ, ਉਹਨਾਂ ਨੂੰ ਸਧਾਰਨ ਜਿਹੇ ਲੋਕ ਆਖਿਆ ਜਾਂਦਾ ਹੈ। ਰਹਿਤ-ਰਹਿਣੀ ਦੇ ਧਾਰਨੀ ਸਿੰਘਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਪੁਰਾਤਨ ਸਿੰਘਣੀਆ ਤਾਂ ਕੇਸਰੀ ਸਜਾ ਕੇ ਗੁਰੂ ਕੀ ਰਹਿਤ ਨੂੰ ਅਪਣਾਂਦੀਆਂ ਸਨ, ਪਰ ਅਜ ਸਾਡੇ ਪੰਥ ਦੀਆਂ ਯੁਵਤੀਆਂ ਦਾ ਹਾਰ ਸ਼ਿੰਗਾਰ ਕਰਾੜੀਆਂ ਜਾਂ ਹੋਰ ਆਨ-ਮਤਣਾਂ ਨਾਲੋਂ ਕਿਤੇ ਘਟ ਨਹੀਂ ਹੁੰਦਾ। ਕੀ ਖਾਲਸੇ ਦਾ ਜੀਵਨ-ਮਨੋਰਥ ਹੁਣ ਕੇਵਲ ਹਾਰ-ਸ਼ਿੰਗਾਰ ਹੀ ਰਹਿ ਗਿਐ ?

ਦਰ-ਅਸਲ ਖਾਲਸਾ ਆਪਣੇ ਅਸਲ ਸਰੂਪ ਨੂੰ ਭੁਲਾ ਬੈਠਾ ਹੈ। ਪੰਚਮ ਸਤਿਗੁਰੂ ਜੀ ਨੇ ਖਾਲਸੇ ਦੇ ਅਸਲ ਸਰੂਪ ਵਲ ਆਪਣੀ ਪਾਵਨ ਪਵਿਤਰ ਬਾਣੀ ਵਿਚ ਇਉਂ ਸੰਕੇਤ ਕੀਤਾ ਹੈ—

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ, ਦਯੁ ਬੈਠਾ ਵੇਖੈ ਆਪਿ ਜੀਉ ॥ ੧੭ ॥



www.AKJ.Org

ਭਾਵ, ਸੰਸਾਰ ਦੀ ਰਚਨਾ ਇਕ ਛਿੰਝ ਹੈ, ਤਮਾਸ਼ਾ ਵੇਖਣ ਲਈ (ਦਯੁ) ਵਾਹਿਗੁਰੂ ਜੀ, ਆਪ ਇਸ (ਰਚਨਾ ਦੇ ਤਮਾਸ਼ੇ) ਨੂੰ ਵੇਖ ਰਹੇ ਹਨ, ਅਤੇ ਖਾਲਸਾ ਇਕ ਪਹਿਲਵਾਨ ਦੇ ਰੂਪ ਵਿਚ ਇਸ ਘੋਲ-ਅਖਾੜੇ ਵਿਚ ਪੰਜ ਵੈਰੀਆਂ ਦਾ ਮੁਕਾਬਲਾ ਕਰਨ ਲਈ ਮੈਦਾਨ ਵਿਚ ਉਤਰਿਆ ਹੋਇਆ ਹੈ। ਅਗਲੀਆਂ ਪੰਕਤੀਆਂ ਵਿਚ ਇਸ ਸਮੁਚੇ ਦ੍ਰਿਸ਼ ਨੂੰ ਬੜੇ ਰੌਚਕ ਢੰਗ ਨਾਲ ਪੇਸ਼ ਕੀਤਾ ਗਿਆ ਹੈ–

ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ,ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥

ਉਸ ਮੱਲਾਖਾੜੇ ਵਿਚ ਗੁਰੂ-ਖਾਲਸੇ ਨੇ ਕਾਮਾਦਿਕ ਪੰਜ ਜੁਆਨਾਂ ਨੂੰ ਚਿੱਤ ਕਰ ਦਿਤਾ, ਜਿਸ ਤੇ ਸੱਚੇ ਪਾਤਸ਼ਹ ਨੇ ਸ਼ਾਬਾਸ਼ ਦਿਤੀ। ਇਉਂ ਖਾਲਸੇ ਦੇ ਜੀਵਨ-ਮਨੋਰਥ ਅਤੇ ਆਮ ਲੋਕਾਂ ਦੇ ਜੀਵਨ-ਮਨੋਰਥ ਤੇ ਅਗਲੇਰੀਆਂ ਪੰਕਤੀਆਂ ਵਿਚ ਪੰਚਮ-ਗੁਰਦੇਵ ਜੀ ਟਿਪਣੀ ਕਰਦਿਆਂ ਫੁਰਮਾਉਂਦੇ ਹਨ ਕਿ ਜੋ ਖਾਲਸਾ ਗੁਰੂ ਦੇ ਸਨਮੁਖ ਹੋ ਕੇ ਆਗਿਆ ਵਿਚ ਰਹਿ ਕੇ ਜੀਵਨ ਬਤੀਤ ਕਰਦਾ ਹੈ, ਉਸ਼ ਦੀ ਜੀਵਨ-ਯਾਤਰਾ ਸਫਲ ਹੋ ਜਾਂਦੀ ਹੈ। ਪਰ ਬਾਕੀ ਦੀ ਸਾਰੀ ਲੁਕਾਈ ਜੋ ਗੁਰੂ ਤੋਂ ਬੇ-ਮੁਖ ਹੋ ਕੇ ਆਪਣੇ ਮਨ ਦੀ ਮਰਜ਼ੀ ਅਨੁਸਾਰ ਜੀਵਨ ਬਤੀਤ ਕਰਦੀ ਹੈ ਉਹ ਆਪਣਾ ਮੂਲ ਭੀ ਗ਼ਵਾ ਬੈਠਦੀ ਹੈ। ਭਾਵ, ਉਹ ਲੋਕ ਉਹਨਾਂ ਦੈਵੀ ਗੁਣਾਂ ਨੂੰ ਭੀ ਗਵਾ ਬੈਠਦੇ ਹਨ, ਜਿਨ੍ਹਾਂ ਨਾਲ ਉਹ ਭਗਤੀ ਕਰ ਸਕਦੇ ਸਨ–

ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥
ਗੁਰਮੁਖਿ ਲਾਹਾ ਲੈ ਗਏ, ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥

(ਸਿਰੀ ਰਾਗੁ ਮ: ੫, ਪੰਨਾ ੭੪)

ਸਾਰੇ ਮਨੁੱਖ ਇਕੱਠੇ ਜੰਮਦੇ ਹਨ, ਪਰ ਗੁਰੂ ਅਨੁਸਾਰੀਆਂ ਦਾ ਰਾਹ ਹੋਰ ਹੋ ਜਾਂਦਾ ਹੈ, ਤੇ ਬੇਮੁਖਾਂ ਨੂੰ ਜਨਮ ਮਰਨ ਦੇ ਚੱਕਰ ਵਿਚ ਮੁੜ ਮੁੜ ਭਟਕਣਾ ਪੈਂਦਾ ਹੈ।

ਗੁਰਬਾਣੀ ਖਾਲਸੇ ਦੇ ਜੀਵਨ ਨੂੰ ਸੰਘਰਸ਼-ਮਈ ਜੀਵਨ ਮੰਨਦੀ ਹੈ। ਪੰਜੇ ਕਾਮਾਦਿਕ ਵਿਸ਼ਿਆਂ ਨਾਲ ਜੁਧ ਕਰ ਕੇ ਖਾਲਸੇ ਨੇ ਆਤਮ-ਦਰਸੀ ਬਣਨ ਦੀ ਤਿਆਰੀ ਇਸ ਜਨਮ ਵਿਚ ਹੀ ਕਰਨੀ ਹੈ–

ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਸਿਉ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ, ਪਰਮ ਪੁਰਖ ਕਹ ਪਾਵੈ ॥੩॥੧॥

(ਸ਼ਬਦ ਹਜਾਰੇ ਪਾਤਸ਼ਾਹੀ ੧੦)

ਸਾਹਿਬੇ ਕਮਾਲ ਸਤਿਗੁਰੂ, ਸ੍ਰੀ ਦਸਮੇਸ਼ ਜੀ ਅਜਿਹੇ ਖਾਲਸੇ ਤੋਂ ਕਿਵੇਂ ਬਲਿਹਾਰ ਜਾਂਦੇ ਹਨ–

ਧੰਨ ਜੀਓ ਤਿਹ ਕੋ ਜਗ ਮੈਂ, ਮੁਖ ਤੇ ਹਰਿ, ਚਿਤ ਮੈ ਜੁਧ ਬੀਚਾਰੈ ॥
ਦੇਹ ਅਨਿੱਤ, ਨ ਨਿੱਤ ਰਹੈ, ਜਸੁ ਨਾਵ ਚੜੈ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ, ਬੁਧਿ ਸੁ ਦੀਪਕ ਜਿਉ ਉਜਿਆਰੈ ॥
ਗਿਆਨਹਿ ਕੀ ਬਢਨੀ, ਮਨਹੁ ਹਾਥਿ ਲੈ, ਕਾਤਰਤਾ ਕੁਤਵਾਰ ਬੁਹਾਰੈ ॥

(ਦਸਮ ਗ੍ਰੰਥ, ਕ੍ਰਿਸ਼ਨਾਵਤਾਰ)

ਇਹ ਹੈ ਸੀ ਖਾਲਸੇ ਦੀ ਵਿਲੱਖਣਤਾ ਦੀ ਪਹਿਲੀ ਗੱਲ ਕਿ ਖਾਲਸਾ ਸ੍ਰੀ ਅਕਾਲ ਪੁਰਖ ਦੀ ਫੌਜ ਹੈ, ਉਸ ਨੇ ਨਿੱਤ ਹੀ ਆਪਣੇ ਅੰਦਰਲੇ ਕਾਮਾਦਿਕ ਵੈਰੀਆਂ ਨਾਲ ਜੰਗ ਕਰਨੀ ਹੈ ਤੇ ਬਾਹਰਲੇ ਸੰਸਾਰ ਵਿਚ ਦੁਸ਼ਟਾਂ ਦੋਖੀਆਂ ਦਾ ਭੀ ਨਾਸ ਕਰਨਾ ਹੈ। ਦੇਹ ਸਦਾ ਰਹਿਣ ਵਾਲੀ ਚੀਜ਼ ਨਹੀਂ। ਵਾਹਿਗੁਰੂ ਨਾਮ ਦੇ ਜਹਾਜ਼ ਵਿਚ ਚੜ੍ਹ ਕੇ ਸੰਸਾਰ ਸਾਗਰ ਨੂੰ ਪਾਰ ਕਰਨਾ ਖਾਲਸੇ ਦਾ ਅਸਲੀ ਨਿਸ਼ਾਨਾ ਹੈ। (ਚਲਦਾ)



www.AKJ.Org

# ਗੁਰਦੁਆਰਾ ਐਕਟ

( ਸ. ਨਰੈਣ ਸਿੰਘ ਜੀ, ਸਾਬਕਾ ਮੈਨੇਜਰ, ਗੁਰਦੁਆਰਾ ਨਨਕਾਣਾ ਸਾਹਿਬ )

**ਨੋਟ**—'ਸੂਰਾ' ਅੰਮ੍ਰਿਤਸਰ ੮੬ ਅੰਕ ਵਿਚ ਪ੍ਰਿੰ: ਹਰਿਭਜਨ ਸਿੰਘ ਜੀ ਦਾ ਲੇਖ "ਆਲ-ਇੰਡੀਆ ਸਿਖ ਗੁਰਦੁਆਰਾ ਐਕਟ ਦੇ ਬੁਨਿਆਦੀ ਤੇ ਉਸਾਰੂ ਸਿਧਾਂਤ" ਦਿਤਾ ਸੀ, ਜਿਸ ਦੇ ਉਪਰ ਸੰਪਾਦਕ ਵਲੋਂ ਗੁਰਦੁਆਰਾ ਪ੍ਰਬੰਧ ਸੰਬੰਧੀ ਕੁਝ ਸੁਝਾਅ ਪਾਠਕਾਂ ਦੇ ਪੇਸ਼ ਕੀਤੇ ਗਏ ਸਨ।

ਹੁਣ ਸ: ਨਰੈਣ ਸਿੰਘ ਜੀ ਲਿਖਤ ਇਕ ਟਰੈਕਟ "ਖਾਲਸਾ ਪੰਥ ਦੇ ਇਤਿਹਾਸਕ ਗੁਰਦੁਆਰੇ" ਪ੍ਰਕਾਸ਼ਤ ਹੋਇਆ ਹੈ। ਇਸ ਦੇ ਪਹਿਲੇ ਕੁਝ ਸਫ਼ਿਆਂ ਵਿਚ ਸਿਖ ਧਰਮ ਦੇ ਸਿਧਾਂਤਾਂ "ਗੁਰੂ, ਗੁਰਦੁਆਰਾ, ਸੰਗਤ ਅਤੇ ਸਿਖ" ਦੀ ਮਹੱਤਤਾ ਪ੍ਰਗਟਾਈ ਗਈ ਹੈ। ਇਹ ਪਹਿਲਾ ਹਿੱਸਾ ਥਾਂ ਦੀ ਥੁੜ ਕਰਕੇ ਕਿਸੇ ਆਉਂਦੇ ਅੰਕ ਵਿਚ ਦਿਤਾ ਜਾਵੇਗਾ।

ਸ: ਨਰੈਣ ਸਿੰਘ ਜੀ ਵਲੋਂ ਸਿਖ ਸਿਧਾਂਤਾਂ ਅਤੇ ਗੁਰਦੁਆਰਾ ਪ੍ਰਬੰਧ ਸੰਬੰਧੀ ਨਿਜੀ ਤਜਰਬੇ ਦੇ ਅਧਾਰ ਤੇ, ਗੁਰਦੁਆਰਾ ਐਕਟ ਬਾਰੇ ਦਿਤੇ ਵਡਮੁਲੇ ਸੁਝਾਅ ਹੇਠਾਂ ਛਾਪੇ ਰਹੇ ਹਾਂ। ਜੇ ਖਾਲਸਾ ਪੰਥ ਐਸੇ ਗੁਰਦੁਆਰਾ ਪ੍ਰਬੰਧ ਨੂੰ ਅਪਣਾਅ ਲਵੇ ਤਾਂ ਗੁਰਦੁਆਰਾ ਪ੍ਰਬੰਧ ਵਿਚ ਵਰਤੀ ਢਿਲ ਅਤੇ ਕੁਰੀਤੀ ਹਟਾਈ ਜਾ ਸਕਦੀ ਹੈ।

ਇਸ ਸੰਬੰਧੀ ਹੇਠ ਲਿਖੇ ਮੁਖ ਨੁਕਤਿਆਂ ਬਾਰੇ ਆਮ ਰਾਏ ਪੈਦਾ ਕਰਨ ਲਈ ਨਿਰੰਤਰ ਪਰਚਾਰ ਦੀ ਅਤੀਅੰਤ ਲੋੜ ਹੈ:—

(੧) ਕੇਵਲ ਗੁਰ-ਦੀਖਿਅਤ ਸਿਖ, ਭਾਵ, ਅੰਮ੍ਰਿਤਧਾਰੀ ਸਿਖ ਹੀ ਵੋਟ ਦਾ ਅਧਿਕਾਰੀ ਹੋਵੇ।

(੨) ਗੁਰਦੁਆਰਾ ਪ੍ਰਬੰਧ ਲਈ ਚੋਣ-ਉਮੀਦਵਾਰ ਚੁਣਨ ਦਾ ਅਧਿਕਾਰ ਕਿਸੇ ਰਾਜਸੀ ਪਾਰਟੀ ਦੀ ਬਜਾਏ ਸੰਬੰਧਤ ਚੋਣ-ਖੇਤਰ ਦੀ ਪ੍ਰਤੀਨਿਧ ਸਿਖ ਸੰਗਤ ਨੂੰ ਹੋਵੇ।

(੩) ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੋਈ ਮੈਂਬਰ ਇਸ ਮੈਂਬਰੀ ਤੋਂ ਹਟਣ ਮਗਰੋਂ ਦਸ ਸਾਲ ਤਕ ਵਿਧਾਨ ਸਭਾ ਆਦਿ ਦੀ ਚੋਣ ਲੜਨ ਦਾ ਅਧਿਕਾਰੀ ਨਾ ਹੋਵੇ।

(੪) ਕੇਂਦਰੀ, ਪ੍ਰਾਂਤਕ ਅਤੇ ਲੋਕਲ ਪ੍ਰਬੰਧਕ ਕਮੇਟੀ, ਬਜਾਏ ਕਿਸੇ ਰਾਜਸੀ ਪਾਰਟੀ ਦੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਜਵਾਬ-ਦੇਹ ਹੋਣ। ਇਹਨਾਂ ਕਮੇਟੀਆਂ ਦਾ ਮੁਖ ਨਿਸ਼ਾਨਾ ਗੁਰਦੁਆਰਿਆਂ ਵਿਚ ਧਰਮ ਪ੍ਰਚਾਰ ਕਰਨਾ ਅਤੇ ਆਦਰਸ਼ਕ ਪ੍ਰਬੰਧ ਕਾਇਮ ਕਰਨਾ ਹੋਵੇ।

(੫) ਸ੍ਰੀ ਅਕਾਲ ਤਖਤ ਸਾਹਿਬ ਦਾ ਪੰਚ ਪ੍ਰਧਾਨੀ ਖਾਲਸਾ, ਸਿਖ ਪੰਥ ਦੇ ਧਾਰਮਿਕ ਅਤੇ ਪ੍ਰਬੰਧਕ ਮਾਮਲਿਆਂ ਵਿਚ ਸਰਬੋਤਮ ਸਮਝਿਆ ਜਾਵੇ।

(੬) ਸਿਖ ਰਹਿਤ ਮਰਯਾਦਾ ਵਿਚ ਸਿਧਾਂਤਕ ਇਕ-ਸਾਰਤਾ ਲਿਆ ਕੇ ਸਾਰੇ ਗੁਰਦੁਆਰਿਆਂ ਵਿਚ ਇਸ ਨੂੰ ਪ੍ਰਚਲਤ ਕੀਤਾ ਜਾਵੇ। ਇਸ ਸੰਬੰਧੀ ਪ੍ਰਚਲਤ ਆਪੋ-ਧਾਪੀ ਨੂੰ ਠਲ੍ਹ ਪਾਈ ਜਾਵੇ।

(੭) ਕੁਰਸੀਆਂ ਤੇ ਚੌਧਰਾਂ ਦੀ ਕੁਟਲ ਸਿਆਸਤ ਵਲੋਂ ਧਰਮ ਦੀ ਕੁਵਰਤੋਂ ਕਰ ਕੇ, ਧਰਮ ਦੀ **ਨਮੋਸ਼ੀ ਕੀਤੇ ਜਾਣ** ਦੀ ਨਮੋਸ਼ੀ ਨੂੰ ਠਲ੍ਹ ਪਾਈ ਜਾਵੇ।

—ਸੰਪਾਦਕ

ਸਿਖ ਧਰਮ ਦੇ ਮੁਢਲੇ ਸਿਧਾਂਤਾਂ ਅਥਵਾ ਮਰਯਾਦਾ ਤੇ ਪਰੰਪਰਾ ਅਨੁਸਾਰ ਗੁਰਦੁਆਰਾ ਪ੍ਰਬੰਧ ਲਈ ਹੇਠਾਂ ਦਿਤੇ ਕੁਝ ਨੁਕਤੇ ਨਿਰਧਾਰਤ ਕੀਤੇ ਜਾ ਸਕਦੇ ਹਨ:—

(੧) ਸਿਖ ਜੀਵਨ ਅੰਦਰ ਗੁਰਦੁਆਰੇ ਦਾ ਅਤਿ ਮਹੱਤਵ ਪੂਰਨ ਸਥਾਨ ਹੈ।

(੨) ਸਿੱਖੀ ਸੰਗਤੀ-ਧਰਮ ਹੈ, ਇਸ ਵਿਚ ਸੰਗਤ ਦੀ ਪ੍ਰਧਾਨਤਾ ਹੈ।

(੩) ਸਿਖ ਜੀਵਨ 'ਸੰਤ' ਅਤੇ 'ਸਿਪਾਹੀ' ਦਾ ਸੁਮੇਲ ਹੈ, ਸਿਖ ਨੇ ਸੰਤ ਬਿਰਤੀ ਰਖਦੇ ਹੋਏ ਸਿਪਾਹੀ ਰਹਿਣਾ ਹੈ।

(੪) ਸਵਾ ਦੋ ਸੌ ਸਾਲ ਦੇ ਸਮੁਚੇ ਕਾਂਡ ਨੂੰ ਇਕੋ ਨਜ਼ਰ ਵੇਖਦੇ ਹੋਏ ਇਹੋ ਕਿਹਾ ਜਾ ਸਕਦਾ ਹੈ ਕਿ



www.AKJ.Org

ਸੰਨ ੧੬੯੯ ਦੀ ਵਿਸਾਖੀ ਪਿਛੋਂ ਜੋ ਕੋਈ ਸਿਖ ਕਹੇ ਜਾਣ ਦਾ ਹੱਕਦਾਰ ਹੈ ਤਾਂ ਉਹ 'ਸੰਪੂਰਨ ਰੂਪ' ਅੰਦਰ (culminated) ਪ੍ਰਗਟ ਕੀਤਾ, 'ਅੰਮ੍ਰਿਤਧਾਰੀ ਸਿੰਘ' ਹੀ ਹੈ। ਇਸ ਤੋਂ ਬਿਨਾਂ ਸਿਖ ਕਹਾਉਣ ਦਾ ਕੋਈ ਅਧਿਕਾਰੀ ਨਹੀਂ।

(੫) ਸਿਖ ਧਰਮ ਅੰਦਰ ਕਿਸੇ ਮਨੁਖ ਦੇ ਗੁਰੂ ਹੋਣ ਦਾ ਕੋਈ ਥਾਉਂ ਨਹੀਂ, ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਿਖ ਦੇ ਗੁਰੂ ਹਨ।

(੬) ਕੌਮੀ ਪੱਧਰ ਤੇ 'ਗੁਰੂ ਗ੍ਰੰਥ ਪੰਥ' ਸਮੂਹ ਸਿਖ ਸੰਸਾਰ ਦੇ ਗੁਰੂ ਹਨ।

(੭) ਕੌਮੀ ਲੀਡਰਸ਼ਿਪ ਦਾ ਅਧਿਕਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਸ੍ਰੀ ਅਕਾਲ ਤਖਤ ਤੋਂ ਪੰਚ ਪ੍ਰਧਾਨੀ ਖਾਲਸੇ ਨੂੰ ਹੈ।

(੮) ਪੰਚ ਪ੍ਰਧਾਨੀ ਖਾਲਸੇ ਦਾ ਹਰ ਫ਼ੈਸਲਾ (ਗੁਰਮਤਾ) ਸਰਬ-ਸੰਮਤੀ ਨਾਲ ਹੁੰਦਾ ਹੈ, ਇਸ ਲਈ ਵੋਟ-ਸ਼ੁਮਾਰੀ ਲਈ ਕੋਈ ਥਾਉਂ ਨਹੀਂ।

(੯) ਪੰਚ ਪ੍ਰਧਾਨੀ ਖਾਲਸੇ ਦੇ ਹੈਡ ਕੁਆਟਰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਮੂਹ ਪੰਥ ਦੇ ਨਾਮ ਜਾਰੀ ਹੋਇਆ ਹੁਕਮਨਾਮਾ ਗੁਰੂ ਦੇ ਹੁਕਮ ਸਮਾਨ ਹੈ।

(੧੦) ਪੰਚ ਪ੍ਰਧਾਨੀ ਖਾਲਸੇ ਵਲੋਂ ਹੁਕਮਨਾਮਾ ਜਾਰੀ ਕਰਨ ਦਾ ਅਧਿਕਾਰ ਕੇਵਲ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖਤ ਨੂੰ ਹੀ ਹੈ।

**ਮੌਜੂਦਾ ਸਿਖ ਸਥਿਤੀ, ਇਤਿਹਾਸਕ ਗੁਰਦੁਆਰੇ (ਪ੍ਰਬੰਧ ਦੇ ਨੁਕਤੇ ਤੋਂ)–**

ਅਜ ਸਿਖ ਨਿਰਾ ਪੰਜਾਬੀ ਨਹੀਂ ਰਿਹਾ। ਇਸ ਦੀ ਕਾਫ਼ੀ ਵਡੀ ਗਿਣਤੀ ਪੰਜਾਬ ਤੋਂ ਬਾਹਰ ਭਾਰਤ ਦੇ ਕਰੀਬਨ ਹਰ ਸੂਬੇ ਵਿਚ ਅਤੇ ਪਰਦੇਸਾਂ ਅੰਦਰ ਲਗ ਪਗ ਹਰ ਮੁਲਕ, ਖਾਸ ਕਰ ਇੰਗਲੈਂਡ, ਕੈਨੇਡਾ, ਯੂ, ਐਸ. ਏ., ਪੱਛਮੀ ਜਰਮਨੀ ਆਦਿ ਵਿਚ ਵਸ ਚੁਕੀ ਹੈ, ਜੋ ਸਾਰੇ ਹੀ ਬਿਨਾਂ ਤਮੀਜ਼ ਦਸ-ਸਿਖ-ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪ੍ਰਤੱਖ ਪਰਗਟ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਤਿਕਾਰ ਭੇਟ ਕਰਦੇ ਹਨ। ਇਹ ਸਾਰੇ ਹੀ ਗੁਰੂ ਸਾਹਿਬਾਨ ਵਲੋਂ ਅਤੇ ਉਨ੍ਹਾਂ ਦੀ ਯਾਦ ਅੰਦਰ ਥਾਉਂ ਥਾਈਂ ਸਥਾਪਤ ਇਤਿਹਾਸਕ ਗੁਰਦੁਆਰਿਆਂ ਨਾਲ ਲਗਾਉ ਰਖਦੇ ਹਨ।

ਅਜਿਹੇ ਇਤਿਹਾਸਕ ਗੁਰਦੁਆਰੇ ਪੰਜਾਬ ਵਿਚ ਅਤੇ ਇਸ ਤੋਂ ਬਾਹਰ ਭਾਰਤ ਦੀਆਂ ਕਈ ਹੋਰ ਪ੍ਰਾਂਤਾਂ ਵਿਚ ਸਥਿਤ ਹਨ, ਬਲਕਿ ੧੯੪੭ ਦੀ ਦੇਸ਼-ਵੰਡ ਉਪ੍ਰੰਤ ਇਨ੍ਹਾਂ ਵਿਚੋਂ ਸੈਂਕੜੇ ਗੁਰਦੁਆਰੇ ਪਾਕਿਸਤਾਨ ਅਤੇ ਬੰਗਲਾ ਦੇਸ ਵਿਚ ਚਲੇ ਗਏ ਹਨ, ਜਿਨ੍ਹਾਂ ਦੀ ਮੌਜੂਦਾ ਕਾਲ ਵਿਚ ਹੋਂਦ ਦੀ ਭੀ ਕੋਈ ਗਰੰਟੀ ਨਹੀਂ ਅਤੇ ਉਨ੍ਹੀਂ ਥਾਈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੀ ਅਣਹੋਂਦ ਕਾਰਨ ਓਹ ਗੁਰਦੁਆਰੇ ਕਹੇ ਜਾਣ ਦੀ ਸਥਿਤੀ ਵੀ ਨਹੀਂ ਰਖਦੇ, ਬਲਕਿ ਓਹ ਸੰਬੰਧਤ ਮੁਸਲਮਾਨੀ ਵਕਫ਼ ਬੋਰਡਾਂ ਦੇ ਤਹਿਤ ਵਿਚ ਚਲੇ ਗਏ ਹੋਣ ਕਾਰਨ ਉਨ੍ਹਾਂ ਦੀ ਪਵਿਤ੍ਰਤਾ ਵੀ ਸ਼ੱਕੀ ਹੀ ਹੈ।

ਭਾਰਤ ਅੰਦਰ ਰਹੇ ਗੁਰਦੁਆਰਿਆਂ ਦੀ ਮਾਨ ਮਰਯਾਦਾ ਭੀ, ਕਿਸੇ ਕੇਂਦਰੀ ਸਿਖ ਕੰਟਰੋਲ ਅੰਦਰ ਨ ਹੋਣ ਕਾਰਨ ਆਪੋ ਆਪਣੀ ਹੋ ਚੁਕੀ ਹੈ। ਇਸ ਦੇ ਹੱਲ ਲਈ ਹੀ ਸਰਬ-ਹਿੰਦ ਗੁਰਦੁਆਰਾ ਐਕਟ ਦੀ ਮੰਗ ਦੇਰ ਤੋਂ ਕੀਤੀ ਜਾ ਰਹੀ ਹੈ। ਇਸ ਦੀ ਰੂਪ-ਰੇਖਾ ਕੀ ਹੋਵੇ, ਅਜ ਸਿਖ ਵਿਚਾਰ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਹੁਣ ਤਕ ਸਾਮ੍ਹਣੇ ਆਏ ਵਿਚਾਰਾਂ ਤੋਂ ਬਣਨ ਵਾਲੇ ਐਕਟ ਨੂੰ ੧੯੨੫ ਦੇ ਪੰਜਾਬ ਗੁਰਦੁਆਰਾ ਐਕਟ ਦੀਆਂ ਲੀਹਾਂ ਤੇ ਢਾਲਣ ਨੂੰ ਹੀ ਠੀਕ ਸਮਝਿਆ ਜਾ ਰਿਹਾ ਹੈ, ਜੋ ਵਿਸ਼ੇਸ਼ ਟੀਕਾ ਟਿਪਣੀ ਦਾ ਮੁਥਾਜ ਹੈ। ਪੰਜਾਬ ਗੁ: ਐਕਟ ਦੀ ਸਠ-ਸਾਲਾ ਅਉਧ ਨੇ ਭਲੀ ਤਰ੍ਹਾਂ ਸਿਧ ਕਰ ਦਿਤਾ ਹੈ ਕਿ ਇਹ ਐਕਟ, ਉਪਰ ਵਰਣੇ ਸਿਖ ਸੰਕਲਪਾਂ ਅਤੇ ਸਿਖ ਪਰੰਪਰਾ ਅਨੁਕੂਲ ਨਹੀਂ।

ਇਸ ਐਕਟ ਦੀ ਉਸਾਰੀ ਗਣਤੰਤਰੀ (Democratic) ਆਧਾਰ ਤੇ ਕੀਤੀ ਗਈ ਹੋਈ ਹੈ, ਜਿਸ ਅਨੁਸਾਰ ਹਰ ਬਾਲਗ ਇਸਤ੍ਰੀ ਮਰਦ, ਜੋ ਇਹ ਕਹੇ 'ਮੈਂ ਸਿਖ ਹਾਂ ਅਤੇ ਦਸ ਗੁਰੂ ਸਾਹਿਬਾਨ ਨੂੰ ਮੰਨਦਾ ਹਾਂ,'



www.AKJ.Org

ਪ੍ਰਬੰਧਕ ਚੁਣਨ ਅਤੇ ਖ਼ੁਦ ਪ੍ਰਬੰਧਕ ਬਣਨ ਦਾ ਅਧਿਕਾਰੀ ਹੈ । ਇਹ ਕਹਿ ਦੇਣ ਨਾਲ ਕਿ 'ਮੈਂ ਸਿਖ ਹਾਂ' ਕੋਈ ਸਿਖ ਨਹੀਂ ਬਣ ਜਾਂਦਾ, ਅਤੇ ਨ ਉਸ ਦੇ ਅੰਦਰ ਗੁਰਦੁਆਰੇ ਦੀ ਮਾਨ ਪ੍ਰਤਿਸ਼ਟਤਾ ਦਾ ਜਜ਼ਬਾ ਪੈਦਾ ਹੋ ਜਾਂਦਾ ਹੈ । ਵੋਟਰ ਜਾਂ ਮੈਂਬਰ ਬਣਨ ਵਾਲੇ ਅੰਦਰ ਇਸ ਜਜ਼ਬੇ ਦੀ ਅਣਹੋਂਦ ਗੁਰਦੁਆਰਿਆਂ ਦੇ ਪ੍ਰਬੰਧ ਅੰਦਰ ਅਤਿਅੰਤ ਹਾਨੀਕਾਰਕ ਘਾਟ ਹੈ । ਜੇ ਵੋਟਰ ਲਈ ਅੰਮ੍ਰਿਤਧਾਰੀ ਰਹਿਤਵਾਨ ਸਿਖ ਹੋਣ ਦੀ ਸ਼ਰਤ ਲਾਗੂ ਹੋ ਜਾਵੇ ਤਾਂ ਘਟੋ ਘਟ ਗ਼ੈਰ-ਸਿਖ ਤਾਂ ਵੋਟਰ ਨਹੀਂ ਹੋਵੇਗਾ । ਬਲਕਿ ਜਿਸ ਨੇ ਮੈਂਬਰਸ਼ਿਪ ਲਈ ਖੜਾ ਹੋਣਾ ਹੈ ਓਹ ਆਪਣੇ nomination paper (ਨਾਮਜ਼ਦਗੀ ਪੇਪਰ) ਨਾਲ ਮੈਂਬਰ ਦੀ ਯੋਗਤਾ ਰਖਣ ਦਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਹਾਸਲ ਕੀਤਾ ਇਸ ਭਾਵ ਦਾ ਸਰਟੀਫੀਕੇਟ ਲਗਾਵੇ, ਜਿਸ ਤੋਂ ਉਸ ਦਾ ਗੁਰ-ਸਿਖੀ ਜੀਵਨ ਹੋਣਾ ਨਿਸਚੇ ਹੋ ਸਕੇ ।

ਫਿਰ ਚੂੰਕਿ ਸਿਖ ਧਰਮ ਅੰਦਰ ਸੰਗਤ ਦਾ ਮੁੱਢਲਾ ਰੋਲ ਹੈ, ਇਸ ਲਈ ਹਰ ਚੋਣ ਹਲਕੇ ਦੀ ਸੰਗਤ ਨੂੰ ਆਪੋ ਆਪ ਇਹ ਜ਼ਿਮੇਵਾਰੀ ਸੌਂਪਣੀ, ਕਿ ਉਹ ਉਸ ਹਲਕੇ ਦੇ ਬਣੇ ਅੰਮ੍ਰਿਤਧਾਰੀ ਰਹਿਤਵਾਨ ਵੋਟਰਾਂ ਵਿਚੋਂ ਇਕ ਜਾਂ ਦੋ ਆਦਮੀ ਚੁਣ ਕੇ ਉਨ੍ਹਾਂ ਨੂੰ ਮੈਂਬਰੀ ਲਈ ਖੜੇ ਹੋਣ ਦਾ ਅਧਿਕਾਰ ਦੇਣ ਅਤੇ ਸੰਗਤ ਵਲੋਂ ਹੋਈ ਸਿਫ਼ਾਰਸ਼ ਦਾ ਸਰਟੀਫ਼ਿਕੇਟ ਉਹ ਆਪਣੇ ਨਾਮੀਨੇਸ਼ਨ ਪੇਪਰ ਨਾਲ ਲਗਾਉਣ, ਵਧੇਰੇ ਠੀਕ ਹੋਵੇਗਾ । ਦੂਜੀ ਥਾਂ ਚੁਣਿਆ ਸਜਣ ਕੇਵਲ ਪਹਿਲੇ ਨੰਬਰ ਦੇ ਖੜੇ ਨਾ ਹੋਣ ਜਾਂ reject (ਰਦ) ਹੋ ਜਾਣ ਦੀ ਸੂਰਤ ਵਿਚ ਅਗੇ ਆਵੇ ।

II. ਇਸ ਤਰ੍ਹਾਂ ਦਾ ਪ੍ਰੋਵੀਯਨ (ਵਿਧਾਨ) ਜਿਸ ਨਾਲ ਸ੍ਰੀ ਅਕਾਲ ਤਖਤ ਦੀ ਹਰ ਪੱਖ ਤੋਂ ਸਰਬੋਤਮਾ ਸਿਧ ਹੋਵੇ, ਐਕਟ ਵਿਚ ਹੋਣਾ ਜ਼ਰੂਰੀ ਹੈ । ਪੰਜਾਬ ਗੁ: ਐਕਟ ਅਨੁਸਾਰ ਸ੍ਰੀ ਅਕਾਲ ਤਖ਼ਤ ਦੀ ਪੁਜ਼ੀਸ਼ਨ ਇਕ ਸਾਧਾਰਨ ਗੁਰਦੁਆਰਾ ਹੋਣ ਤੋਂ ਵਧ ਨਹੀਂ, ਜਦੋਂ ਕਿ ਸਿਖ ਸੰਕਲਪ ਅਤੇ ਪਰੰਪਰਾ ਅਨੁਸਾਰ ਸ੍ਰੀ ਅਕਾਲ ਤਖਤ ਅਤੇ ਇਸ ਦੇ ਜਥੇਦਾਰ 'ਸਿੰਘ ਸਾਹਿਬ' ਦੀ ਸਮੁਚੀ ਕੌਮ ਅੰਦਰ ਵਿਸ਼ੇਸ਼ ਮਹੱਤਤਾ ਹੈ । ਜਥੇਦਾਰ ਦਾ ਪੰਚ ਪ੍ਰਧਾਨੀ ਖਾਲਸੇ ਅੰਦਰ ਸਾਰਿਆਂ ਤੋਂ ਉਚਤਮ ਪੁਜ਼ੀਸ਼ਨ ਰਖਣਾ, ਐਕਟ ਅੰਦਰ ਸਵੀਕਾਰਿਆ ਜਾਣਾ ਜ਼ਰੂਰੀ ਹੈ । ਬਲਕਿ ਸਮੁੱਚੀ ਪੰਚ ਪ੍ਰਣਾਲੀ (ਜਿਸ ਵਿਚ ਜਥੇਦਾਰ ਸ੍ਰੀ ਅਕਾਲ ਤਖਤ ਅਤੇ ਚਾਰ ਹੋਰ ਪਿਆਰੇ ਸ਼ਾਮਲ ਹੋਣਗੇ) ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਜਾਂ ਕਿਸੇ ਹੋਰ ਗੁ: ਕਮੇਟੀ ਦੀ ਅਧੀਨਗੀ ਤੋਂ ਆਜ਼ਾਦ ਰਖਿਆ ਜਾਵੇ ਅਤੇ ਉਸ ਦਾ ਸਾਰਾ ਪ੍ਰਬੰਧਕ ਢਾਂਚਾ, ਦਫਤਰ, ਬਜਟ ਆਦਿ ਸ੍ਰੀ ਅਕਾਲ ਤਖਤ ਹੀ ਜਥੇਦਾਰ ਦੇ ਨਿਜੀ ਕੰਟਰੋਲ ਵਿਚ ਹੋਵੇ । ਸ੍ਰੀ ਅਕਾਲ ਤਖ਼ਤ ਦਾ ਸਾਲਾਨਾ ਬਜਟ ਗੁਰਦੁਆਰਿਆਂ ਦੇ ਸੈਂਟ੍ਰਲ ਬੋਰਡ ਦੇ ਫ਼ੰਡ ਤੇ ਇਕ ਅਚੁਕ ਖਰਚਾ (charged item) ਹੋਵੇ । ਪੰਜ ਪਿਆਰਿਆਂ ਦੀ ਨਿਯੁਕਤੀ ਵੀ ਐਕਟ ਅਨੁਸਾਰ ਬਣੀ ਕਿਸੇ ਕਮੇਟੀ ਦੇ ਅਧੀਨ ਨਾ ਹੋਵੇ, ਬਲਕਿ ਇਹ 'ਸਰਬੱਤ ਖਾਲਸਾ' ਵਲੋਂ ਪਰੰਪਰਾ ਅਨੁਸਾਰ ਸਰਬ-ਸੰਮਤੀ ਨਾਲ ਹੋਵੇ, ਪ੍ਰੰਤੂ ਇਹ ਸਰਬੱਤ ਖਾਲਸਾ ਦੇਸ ਅਤੇ ਪਰਦੇਸਾਂ ਦੀਆਂ ਸਿਖ ਸੰਗਤਾਂ ਵਲੋਂ ਨਿਯੁਕਤੇ ਪ੍ਰਤੀਨਿਧਾਂ 'ਤੇ ਅਧਾਰਤ ਹੋਵੇ । ਇਹ ਪੰਜ ਪਿਆਰੇ ਸਮੁੱਚੇ ਸਿਖ ਪੰਥ ਦੀ ਹਾਈ ਕਮਾਂਡ ਹੋਣ ਅਤੇ ਇਸ ਨੂੰ ਗੁਰਦੁਆਰਾ ਐਕਟ ਸਵੀਕਾਰ (recognise) ਕਰੇ । ਜੇ ਅਜਿਹੀ ਪੰਥਕ ਹਾਈ ਕਮਾਂਡ ਸਥਾਪਤ ਹੋ ਜਾਵੇ ਤਾਂ ਸਿਧਾਂਤਕ ਤੌਰ ਤੇ ਤਾਂ ਕਿਸੇ ਗੁਰਦੁਆਰਾ ਐਕਟ ਆਦਿ ਦੀ ਲੋੜ ਵੀ ਖ਼ਤਮ ਹੋ ਸਕਦੀ ਹੈ ਅਤੇ ਗੁਰੂ ਪੰਥ ਧਾਰਮਿਕ ਮੁਆਮਲਿਆਂ ਵਿਚ ਦੁਨੀਆਵੀ (temporal) ਹਕੂਮਤ ਵਲੋਂ ਵੀ ਆਜ਼ਾਦ ਹੋ ਸਕਦਾ ਹੈ (ਪੰਜਾਬ ਅੰਦਰ ਅੰਗਰੇਜ਼ ਰਾਜ ਦੀ ਸਥਾਪਨਾ ਤੋਂ ਪਹਿਲੋਂ ਗੁਰੂ ਪੰਥ ਅਤੇ ਗੁਰਦੁਆਰਿਆਂ ਦੀ ਆਜ਼ਾਦ ਹੋਂਦ ਸਿਖ ਦੀ ਸੁਤੰਤਰਤਾ ਦੇ ਹੀ ਲਖਾਇਕ ਹਨ, ਪ੍ਰੰਤੂ ਅੰਗ੍ਰੇਜ਼ ਦੀ ਦੇਸ ਨੂੰ ਦਿਤੀ ਗਣਤੰਤਰੀ (democratic) ਵਿਚਾਰਧਾਰਾ ਨੇ ਸਾਨੂੰ ਇਸ ਦਾ ਏਨਾ ਦੁਬੈਲ ਕਰ ਦਿਤਾ ਹੋਇਆ ਹੈ ਕਿ ਅਸੀਂ ਇਸ ਤੋਂ ਬਾਹਰ ਕੋਈ ਗੱਲ ਸੋਚ ਹੀ ਨਹੀਂ ਸਕਦੇ । ਜੇ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਪੰਚ-ਪ੍ਰਧਾਨੀ ਖਾਲਸਾ ਦੀ ਨੀਤੀ ਨੂੰ ਅਪਣਾਈ ਰਖਦੇ ਅਤੇ ਗਣਤੰਤਰੀ ਵਿਚਾਰਧਾਰਾ ਅੰਦਰ ਗ਼ਰਕ ਨਾ ਹੋ ਜਾਂਦੇ ਤਾਂ ਸਾਡੀ ਹੰਨੇ ਹੰਨੇ ਮੀਰੀ ਦੀ ਦਸ਼ਾ ਨ ਵਾਪਰਦੀ, ਨ ਗੁਰੂ ਪੰਥ ਅਜ ਵਾਲੀ ਧੜੇਬੰਦੀ ਦਾ ਸ਼ਿਕਾਰ ਹੁੰਦਾ । ਪਰ 'ਅਜਹੂ ਕਛੁ ਬਿਗਰਿਓ ਨਹੀ' ਦੇ ਹੁਕਮ ਤੇ ਪਹਿਰਾ ਦੇਂਦੇ ਹੋਏ ਜੇ ਅਜ ਵੀ ਅਸੀਂ ਪੰਚ-ਪ੍ਰਧਾਨੀ ਖਾਲਸਾ ਦੀ ਲੀਡਰਸ਼ਿਪ ਕਬੂਲ ਕਰ ਲਈਏ ਤਾਂ ਅਸੀਂ ਮੁੜ ਸੰਭਲ ਸਕਦੇ ਹਾਂ । ਸੋ ਵਿਉਂਤੇ ਜਾ ਰਹੇ ਗੁ: ਐਕਟ ਅੰਦਰ ਅਜਿਹਾ ਪ੍ਰੋਵੀਯਨ



www.AKJ.Org

(ਬਿਵਸਥਾ) ਕਰ ਲੈਣਾ ਚਾਹੀਦਾ ਹੈ ਤਾਂਕਿ ਕਲ ਨੂੰ ਅਗਰ ਪੰਥ ਪੰਚ ਪ੍ਰਧਾਨੀ ਖਾਲਸਾ ਦੀ ਪਰੰਪਰਾ ਨੂੰ ਸੁਰਜੀਤ ਕਰਨਾ ਚਾਹੇ ਤਾਂ ਵਿਉਂਤਿਆ ਜਾ ਰਿਹਾ ਗੁ: ਐਕਟ ਇਸ ਵਿਚ ਰੁਕਾਵਟ ਨ ਬਣੇ, ਸਗੋਂ ਇਸ ਨੂੰ ਮਾਨਤਾ ਦੇਵੇ। ਸ੍ਰੀ ਅਕਾਲ ਤਖ਼ਤ ਨੂੰ ਐਕਟ ਤੋਂ ਸੁਤੰਤਰ ਰਖਿਆ ਜਾਣਾ ਅਤਿਅੰਤ ਜ਼ਰੂਰੀ ਹੈ।

**(੧) ਨਵੇਂ ਗੁਰਦੁਆਰਾ ਐਕਟ ਅਧੀਨ ਪਰਬੰਧਕ ਢਾਂਚਾ ਤਿੰਨ-ਪੱਖੀ ਹੋਵੇ–**

(ੳ) ਹਰ ਗੁਰਦੁਆਰੇ ਦੀ, ਤਥਾ ਇਕੋ ਥਾਂ ਤੇ ਸਥਿਤ ਸਾਰੇ ਗੁਰਦੁਆਰਿਆਂ ਦੀ ਆਪਣੀ ਲੋਕਲ ਕਮੇਟੀ ਹੋਵੇ, ਜੋ ਕੇਂਦਰ ਵਲੋਂ ਉਲੀਕੀ ਪ੍ਰਬੰਧ-ਸਕੀਮ ਅਨੁਸਾਰ ਗੁਰਦੁਆਰੇ (ਜਾਂ ਗੁਰਦੁਆਰਿਆਂ) ਦੇ ਸਮੂਚੇ ਅੰਦਰੂਨੀ ਪ੍ਰਬੰਧ ਲਈ ਜ਼ਿਮੇਵਾਰ ਹੋਵੇ ਅਤੇ ਇਸ ਦੇ ਲਈ ਪ੍ਰਾਂਤਕ ਬੋਰਡ ਨੂੰ ਜਵਾਬ-ਦੇਹ ਹੋਵੇ।

(ਅ) ਹਰ ਪ੍ਰਾਂਤ ਤਥਾ ਥੋੜੇ ਗੁਰਦੁਆਰਿਆਂ ਵਾਲੀਆਂ ਕਈ ਪ੍ਰਾਂਤਾਂ ਦਾ ਸਾਂਝਾ ਪ੍ਰਾਂਤਕ ਬੋਰਡ ਹੋਵੇ, ਜੋ ਆਪਣੇ ਪ੍ਰਵਾਣਤ ਸਰਕਲ ਦੇ ਕੰਮਾਂ ਲਈ ਕੇਂਦਰੀ ਬੋਰਡ ਪਾਸ ਜਵਾਬ-ਦੇਹ ਹੋਵੇ। ਇਸ ਦਾ ਹੈਡ ਕੁਆਟਰ ਉਸੇ ਸਰਕਲ ਦੀ ਕਿਸੇ ਕੇਂਦਰੀ ਥਾਂ, ਤਥਾ ਕੇਂਦਰੀ ਗੁਰਦੁਆਰੇ ਵਿਚ ਹੋਵੇ। ਹਰ ਪ੍ਰਾਂਤਕ ਬੋਰਡ ਆਪਣੇ ਪ੍ਰਾਂਤ ਅੰਦਰ ਗੁ: ਕਮੇਟੀਆਂ ਦੇ ਸਹਿਯੋਗ ਨਾਲ ਗੁਰਮਤਿ ਪ੍ਰਚਾਰ ਦੇ ਸਾਧਨ ਕਰੇ।

(ੲ) ਉਕਤ ਅੰਕ (ੳ) ਅਤੇ (ਅ) ਉਪਰ ਪ੍ਰਬੰਧ ਦੀ ਨਿਗਰਾਨੀ ਲਈ ਇਕ ਸਰਬ ਭਾਰਤੀ ਕੇਂਦਰੀ ਬੋਰਡ ਹੋਵੇ, ਜਿਸ ਦਾ ਹੈਡਕੁਆਟਰ ਅੰਮ੍ਰਿਤਸਰ ਦਰਬਾਰ ਸਾਹਿਬ ਕੰਪਲੈਕਸ ਵਿਚ ਹੋਵੇ।

**(੨) ਵਿਉਂਤੇ ਗੁ: ਐਕਟ ਅੰਦਰ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਕੇਂਦਰਤ (Centralise) ਕਰਨਾ ਕੇਵਲ ਹੇਠਾਂ ਦਰਜ ਨੁਕਤਿਆਂ ਤੇ ਹੀ ਸੀਮਤ ਰਖਿਆ ਜਾਵੇ :–**

(ੳ) ਸਿਖ ਧਰਮ ਮਰਯਾਦਾ ਦਾ ਏਕੀਕਰਨ ਕੀਤਾ ਜਾਣਾ :–ਸਾਰੇ ਗੁਰਦੁਆਰਿਆਂ ਦੀ ਅੰਦਰੂਨੀ ਮਰਯਾਦਾ ਦੇਸ਼ ਭਰ ਅੰਦਰ ਇਕੋ ਹੋਣੀ ਜ਼ਰੂਰੀ ਹੈ, ਤਾਂ ਕਿ ਸਮਾਂ ਪਾ ਕੇ ਪੰਥ ਵਖੋ ਵਖ ਸੰਪਰਦਾਵਾਂ ਵਿਚ ਨ ਵੰਡਿਆ ਜਾਵੇ। ਜਿਵੇਂ ਹੁਣ ਕਈ ਥਾਈਂ ਹੋ ਰਿਹਾ ਹੈ।

ਗੁਰ ਮਰਯਾਦਾ ਦੇ ਏਕੀਕਰਨ ਦੀ ਇਹ ਧਾਰਾ ਦੇਸ ਭਰ ਅੰਦਰ ਥਾਉਂ ਥਾਈਂ ਬਣੇ ਹੋਰ ਗੁਰਦੁਆਰਿਆਂ, ਚਾਹੇ ਉਹ ਸਿੰਘ ਸਭਾਵਾਂ, ਕਈ ਹੋਰ ਸੰਪਰਦਾਇਕ ਸਿਖ ਸੰਸਥਾਵਾਂ ਜਾਂ ਪ੍ਰਾਈਵੇਟ ਤੌਰ ਤੇ ਸੰਤਾਂ ਆਦਿ ਦੇ ਪ੍ਰਬੰਧ ਵਿਚ ਹਨ, ਉਪਰ ਭੀ ਇਕ-ਸਾਰ ਲਾਗੂ ਕੀਤੀ ਜਾਵੇ। ਇਸ ਪੱਖ (ਅਤੇ ਕੇਵਲ ਇਸ ਪੱਖ ਤੋਂ) ਦੇਸ਼ ਭਰ ਦੇ ਸਾਰੇ ਗੁਰਦੁਆਰੇ ਐਕਟ ਅਧੀਨ ਬਣੇ ਕੇਂਦਰੀ ਬੋਰਡ ਦੇ ਫ਼ੈਸਲੇ ਦੇ ਪਾਬੰਦ ਹੋਣ।

(ਅ) ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਆਪੋ ਆਪਣੇ ਬਜਟ ਤੇ ਆਮਦਨ ਖਰਚ ਦੇ ਹਿਸਾਬ ਦੀ ਪੜਤਾਲ ਤੇ ਆਡਿਟ ਦੇ ਅਧਿਕਾਰ ਕੇਂਦਰੀ ਬੋਰਡ ਨੂੰ ਹੋਣ।

(ੲ) ਗੁਰਦੁਆਰਿਆਂ ਦੀ ਗ਼ੈਰ-ਮਨਕੂਲਾ (ਅਚੁਕ) ਜਾਇਦਾਦ ਦਾ ਵੇਚਣਾ ਵਟਣਾ ਜਾਂ ਪੰਜ ਸਾਲ ਤੋਂ ਵਧ ਲੀਜ਼ ਤੇ ਦੇਣਾ, ਅਤੇ ਨਵੀਂ ਜਾਇਦਾਦ ਦੀ ਖਰੀਦ ਕੇਂਦਰੀ ਬੋਰਡ ਦੀ ਆਗਿਆ ਅਧੀਨ ਹੋਣ।

(ਸ) ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਮਾਣੀਕ ਅਤੇ ਸ਼ੁਧ ਰੂਪ ਵਿਚ ਛਾਪਣ ਤੇ ਪ੍ਰਕਾਸ਼ਤ ਕਰਨ ਦਾ ਅਧਿਕਾਰ ਕੇਵਲ ਇਸ ਕੇਂਦਰੀ ਬੋਰਡ ਨੂੰ ਹੋਵੇ, ਕਿਸੇ ਹੋਰ ਸਭਾ ਸੁਸਾਇਟੀ ਜਾਂ ਪਬਲਿਸ਼ਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਛਾਪਣ ਦੀ ਆਗਿਆ ਨ ਹੋਵੇ (ਵਰਨਾ ਗ਼ੈਰ ਹੱਥਾਂ ਵਿਚ ਇਸ ਅੰਦਰ ਮਿਲਾਵਟ ਅਤੇ ਅਸ਼ੁੱਧਤਾਈਆਂ ਹੋਣ ਦੀ ਸੰਭਾਵਨਾ ਬਣੀ ਰਹੇਗੀ)।

(ਹ) ਕੋਈ ਨਵਾਂ ਇਮਾਰਤੀ ਜਾਂ ਹੋਰ ਨਵਾਂ ਕੰਮ ਹੱਥ ਵਿਚ ਲੈਣਾ, ਕੋਈ ਨਵਾਂ ਆਸ਼ਰਮ, ਕਾਲਜ, ਸਕੂਲ,ਹਸਪਤਾਲ ਆਦਿ ਖੋਲ੍ਹਣਾ ਕੇਂਦਰੀ ਬੋਰਡ ਦੀ ਆਗਿਆ ਅਧੀਨ ਹੋਵੇ।

(ਕ) ਕਿਸੇ ਆਸ਼ਰਮ, ਸੰਸਥਾ ਜਾ ਵਿਅਕਤੀ ਨੂੰ ਪ੍ਰਵਾਣਿਤ ਹਦ ਤੋਂ ਵਧ ਸਹਾਇਤਾ ਦੇਣਾ ਕੇਂਦਰ ਦੇ ਅਧੀਨ ੋਵੇ। ਹਰ ਗੁਰਦੁਆਰੇ ਵਲੋਂ ਸਹਾਇਤਾ ਦੇਣ ਦੀ ਹਦ ਵੀ ਕੇਂਦਰ ਨੀਯਤ ਕਰੇ।

(ਖ) ਸ੍ਰੀ ਅਕਾਲ ਤਖਤ ਸਾਹਿਬ, ਜਿਸ ਦਾ ਪ੍ਰਬੰਧ ਸਿਧਾ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖਤ ਦੇ ਹੱਥ



www.AKJ.Org

ਵਿਚ ਹੋਵੇ, ਦਾ ਸਮੁੱਚਾ ਖ਼ਰਚ ਕੇਂਦਰੀ ਬੋਰਡ ਦਾ ਇਕ ਅਚੁਕ ਖ਼ਰਚਾ (Charged item) ਹੋਵੇ, ਜਿਸ ਦੇ ਲਈ ਕੇਂਦਰੀ ਬੋਰਡ ਜ਼ਿੰਮੇਵਾਰ ਹੋਵੇ। ਇਹ Charged item ਕੇਂਦਰੀ ਬੋਰਡ ਦੀ ਸਮੁੱਚੀ ਆਮਦਨ ਦੇ ਦਸਵੰਧ ਤੋਂ ਘਟ ਨਾ ਹੋਵੇ।

**(੩) ਕੇਂਦਰੀ ਬੋਰਡ ਦੀ ਜ਼ਿੰਮੇਵਾਰੀ :–**

(ੳ) ਉਕਤ ਅੰਕ ੨ ਹੇਠ ਆਈਆਂ ਸਤ ਧਾਰਾਵਾਂ ਨਾਲ ਸੰਬੰਧਤ ਕਾਰਜ ਕਰਨੇ।

(ਅ) ਸ੍ਰੀ ਹਰਿਮੰਦਰ ਸਾਹਿਬ ਅਤੇ ਅੰਮ੍ਰਿਤਸਰ ਮਿਊਨਸੀਪਲ ਹਦੂਦ ਅੰਦਰ ਦੇ ਸਾਰੇ ਗੁਰਦੁਆਰਿਆਂ (ਸਿਵਾਏ ਸ੍ਰੀ ਅਕਾਲ ਤਖਤ ਸਾਹਿਬ ਦੇ) ਅਤੇ ਇਨ੍ਹਾਂ ਨਾਲ ਜੁੜੇ ਆਸ਼ਰਮ, ਲੰਗਰ, ਸਰਾਏ, ਮੰਜੀ ਸਾਹਿਬ, ਤੇਜਾ ਸਿੰਘ ਹਾਲ ਆਦਿ ਦਾ ਸਮੁਚਾ ਪ੍ਰਬੰਧ ਕਰਨਾ।

(ੲ) ਸਮੂਹ ਗੁਰਦੁਆਰਿਆਂ ਦੀਆਂ ਲੋਕਲ ਕਮੇਟੀਆਂ ਅਤੇ ਪ੍ਰਾਂਤਕ ਬੋਰਡਾਂ ਦੇ ਕਾਰਜ ਸਫਲਤਾ ਨਾਲ ਚਲਦੇ ਰਖਣ ਲਈ ਇਕ ਗੁਰਦੁਆਰਾ ਪ੍ਰਬੰਧ ਸਕੀਮ ਦਾ ਉਲੀਕਣਾ ਤੇ ਪ੍ਰਕਾਸ਼ਤ ਕਰਨਾ ਅਤੇ ਉਸ ਅਨੁਸਾਰ ਕੰਮਾਂ ਦੇ ਹੋਣ ਦੀ ਨਿਗਰਾਨੀ ਅਤੇ ਹਿਸਾਬ ਦੀ ਪੜਤਾਲ ਕਰਨੀ।

(ਸ) ਭਾਰਤ ਤੋਂ ਬਾਹਰ, ਯਥਾ ਪਾਕਿਸਤਾਨ ਅਤੇ ਬੰਗਲਾ ਦੇਸ਼ ਵਿਚ ਰਹੇ ਇਤਿਹਾਸਕ ਗੁਰਦੁਆਰਿਆਂ ਦੀ ਪਵਿਤਰਤਾ ਦੀ ਕਾਇਮੀ ਅਤੇ ਸੇਵਾ ਸੰਭਾਲ ਦੀ ਪ੍ਰਾਪਤੀ ਲਈ ਸੰਬੰਧਤ ਹਕੂਮਤਾਂ ਅਤੇ ਭਾਰਤ ਸਰਕਾਰ ਨਾਲ ਸੰਪਰਕ ਰਖਣਾ ਅਤੇ ਇਹ ਪ੍ਰਾਪਤੀ ਕਰਨੀ। ਇਨ੍ਹਾਂ ਗੁਰਦੁਆਰਿਆਂ ਦੀ ਯਾਤਰਾ ਲਈ ਭਾਰਤੀ ਵਸਨੀਕਾਂ ਨੂੰ ਸਹੂਲਤਾ ਮੁਹੱਈਆ ਕਰਾਉਣੀਆਂ।

(ਹ) ਦੇਸ ਅਤੇ ਪਰਦੇਸਾਂ ਅੰਦਰ ਜਾ ਵਸੇ ਸਿਖਾਂ ਦੀ ਧਰਮ ਦੇ ਪੱਖ ਤੋਂ ਸੰਭਾਲ, ਸਹਾਇਤਾ ਅਤੇ ਉਹਨੀਂ ਥਾਈਂ ਗੁਰਮਤਿ ਪ੍ਰਚਾਰ ਦੀਆਂ ਸਹੂਲਤਾਂ ਦੇਣੀਆਂ।

(ਕ) ਗੁਰਸਿੱਖੀ ਦੇ ਪ੍ਰਚਾਰ ਲਈ ਥਾਂ-ਪਰ-ਥਾਂ ਪ੍ਰਚਾਰ-ਕੇਂਦਰ ਸਥਾਪਤ ਕਰਨੇ ਅਤੇ ਪ੍ਰਾਂਤਕ ਬੋਰਡਾਂ ਦੇ ਸਹਿਯੋਗ ਨਾਲ ਗੁਰਮਤਿ ਪ੍ਰਚਾਰ ਕਰਨਾ।

(ਖ) ਹਰ ਸਾਲ ਦੀ ਆਮਦਨ ਖਰਚ ਤੇ ਸਟਾਕ (ਸਮੇਤ ਤੋਸ਼ਾ-ਖ਼ਾਨਾ) ਦਾ ਆਡਿਟ ਕਰਾਉਣਾ।

(ਗ) ਸਮੁੱਚੇ ਗੁਰਦੁਆਰਾ ਪ੍ਰਬੰਧ ਅਤੇ ਹੋਏ ਸਾਲਾਨਾ ਆਮਦਨ ਖਰਚ ਦੀ ਰੀਪੋਰਟ ਪ੍ਰਕਾਸ਼ਤ ਕਰਨਾ।

**(੪) ਪ੍ਰਾਂਤਕ ਬੋਰਡਾਂ ਦੀ ਜ਼ਿੰਮੇਵਾਰੀ–**

(ੳ) ਆਪੋ ਆਪਣੇ ਸਰਕਲ ਅੰਦਰ ਆਪਣੇ ਸਾਰੇ ਗੁਰਦੁਆਰਿਆਂ ਦੇ ਗੁ: ਪ੍ਰਬੰਧ ਸਕੀਮ ਅਨੁਸਾਰ ਪ੍ਰਬੰਧ ਕੀਤੇ ਜਾਣ ਦੀ ਨਿਗਰਾਨੀ ਅਤੇ ਆਮਦਨ ਖਰਚ ਦੀ ਪੜਤਾਲ।

(ਅ) ਸੰਬੰਧਤ ਪ੍ਰਾਂਤ ਅੰਦਰ ਕੇਂਦਰੀ ਬੋਰਡ ਦੀ ਸਲਾਹ ਅਤੇ ਲੋਕਲ ਕਮੇਟੀਆਂ ਦੇ ਸਹਿਯੋਗ ਨਾਲ ਗੁਰਮਤਿ-ਪ੍ਰਚਾਰ-ਕੇਂਦਰ ਸਥਾਪਤ ਕਰਨੇ ਅਤੇ ਧਰਮ ਪ੍ਰਚਾਰ ਕਰਨਾ।

(ੲ) ਪ੍ਰਾਂਤ ਅੰਦਰ ਵਾਕਿਆ ਹਰ ਗੁਰਦੁਆਰੇ ਨਾਲ (ਅਤੇ ਹੋ ਸਕੇ ਤਾਂ ਇਸ ਦੇ ਆਲੇ ਦੁਆਲੇ ਵਿਚ ਹੋਰ ਥਾਵਾਂ ਤੇ ਵੀ) ਨਰਸਰੀ ਤੇ ਪ੍ਰਾਇਮਰੀ ਸਕੂਲ ਖੁਲ੍ਹਾਉਣੇ, ਜਿਥੇ ਪ੍ਰਾਂਤ ਦੀ ਹੋਰ ਵਿਦਿਅਕ ਪੜ੍ਹਾਈ ਨਾਲ ਪੰਜਾਬੀ (ਗੁਰਮੁਖੀ) ਦੀ ਪੜ੍ਹਾਈ ਅਤੇ ਸਿਖ ਧਰਮ ਦੀ ਸਿਖਿਆ ਲਾਜ਼ਮੀ ਹੋਵੇ।

(ਸ) ਪ੍ਰਾਂਤਕ ਗੁਰਦੁਆਰਿਆਂ ਦੇ ਹਿਸਾਬ ਸਾਲਾਨਾ ਆਡਿਟ ਕਰਾਉਣੇ।

(ਹ) ਪ੍ਰਾਂਤ ਅੰਦਰ ਹੋਏ ਗੁਰਦੁਆਰਿਆਂ ਦੇ ਪ੍ਰਬੰਧ ਅਤੇ ਉਹਨਾਂ ਦੇ ਸਾਲਾਨਾ ਆਮਦਨ ਖ਼ਰਚ ਦੀ ਰੀਪੋਰਟ ਪ੍ਰਕਾਸ਼ਤ ਕਰਨਾ।

(ਕ) ਪ੍ਰਾਂਤਕ ਬੋਰਡ ਦੀ ਸਮੁੱਚੀ, ਸਾਲਾਨਾ ਆਮਦਨੀ ਦਾ ਦਸਵੰਧ ਕੇਂਦਰੀ ਬੋਰਡ ਨੂੰ ਦੇਣਾ।

(ਖ) ਪ੍ਰਾਂਤ ਅੰਦਰਲੇ ਸਾਰੇ ਗੁਰਦੁਆਰਿਆਂ ਅੰਦਰ ਕੇਂਦਰ ਵਲੋਂ ਪ੍ਰਵਾਨਤ ਗੁਰ ਮਰਯਾਦਾ ਦਾ ਠੀਕ ਤਰ੍ਹਾਂ ਚਾਲੂ ਰਖਾਉਣਾ ਅਤੇ ਕਿਸੇ ਮਨਮਤ ਦਾ ਨ ਹੋਣ ਦੇਣਾ।



www.AKJ.Org

**(੫) ਲੋਕਲ ਕਮੇਟੀਆਂ ਦੀ ਜ਼ਿਮੇਵਾਰੀ :–**

(ੳ) ਆਪਣੇ ਪ੍ਰਬੰਧ ਹੇਠਲੇ ਗੁਰਦੁਆਰੇ ਦੇ ਸਮੁਚੇ ਪ੍ਰਬੰਧ ਨੂੰ ਪ੍ਰਵਾਨਤ ਪ੍ਰਬੰਧ ਸਕੀਮ ਅਨੁਸਾਰ ਚਾਲੂ ਰਖਣਾ।

(ਅ) ਕੇਂਦਰ ਵਲੋਂ ਪ੍ਰਵਾਨਤ ਗੁਰ ਮਰਯਾਦਾ ਨੂੰ ਠੀਕ ਤਰ੍ਹਾਂ ਚਾਲੂ ਰਖਣਾ ਅਤੇ ਕਿਸੇ ਮਨਮਤ ਦਾ ਨਾ ਹੋਣ ਦੇਣਾ।

(ੲ) ਗੁਰਦੁਆਰੇ ਦੀ ਸਮੁਚੀ ਆਮਦਨ ਦਾ ਦਸਵੰਧ ਪ੍ਰਾਂਤਕ ਬੋਰਡ ਨੂੰ ਦੇਣਾ।

(ਸ) ਗੁਰਦੁਆਰੇ ਅਤੇ ਇਸ ਦੇ ਚੌਗਿਰਦੇ ਅੰਦਰ ਗੁਰਮਤਿ ਪ੍ਰਚਾਰ ਕਰਨਾ, ਨਰਸਰੀ ਤੇ ਪ੍ਰਾਇਮਰੀ ਸਕੂਲ ਚਾਲੂ ਕਰਨੇ, ਜਿਨ੍ਹਾਂ ਵਿਚ ਪੰਜਾਬੀ ਤੇ ਗੁਰਮਤਿ ਪੜ੍ਹਾਈ ਲਾਜ਼ਮੀ ਹੋਵੇ।

## ਗੁਰਦੁਆਰਿਆਂ ਅੰਦਰ ਸੇਵਾ

੧. ਗੁਰਦੁਆਰਿਆਂ ਅਤੇ ਇਹਨਾਂ ਨਾਲ ਸੰਬੰਧਤ ਆਸ਼ਰਮਾਂ ਯਥਾ ਲੰਗਰ, ਸਕੂਲ, ਕਾਲਜ, ਹਸਪਤਾਲ, ਲਾਇਬਰੇਰੀ ਆਦਿ ਦੀ ਇਮਾਰਤੀ ਜਾਂ ਹੋਰ ਵਡੇ ਖਰਚ ਵਾਲੀ ਸੇਵਾ ਆਮ ਤੌਰ ਤੇ ਸੰਬੰਧਤ ਪ੍ਰਾਂਤਕ ਬੋਰਡ ਦੀ ਨਿਗਰਾਨੀ ਵਿਚ ਗੁ: ਕਮੇਟੀ ਨੂੰ ਖ਼ੁਦ ਕਰਾਉਣੀ ਚਾਹੀਦੀ ਹੈ। ਪ੍ਰੰਤੂ ਜਿਸ ਤਰ੍ਹਾਂ ਅਜ ਕਲ੍ਹ ਆਮ ਪ੍ਰਚੱਲਤ ਹੋ ਗਿਆ ਹੋਇਆ ਹੈ, ਜੇ ਕੋਈ ਸੇਵਾ ਕਿਸੇ ਵਿਸ਼ੇਸ਼ ਸੰਤ ਨੂੰ ਸੌਂਪਣੀ ਹੋਵੇ ਤਾਂ ਇਹ ਬਾਕਾਇਦਾ ਕਮੇਟੀ ਦੀ ਪ੍ਰਵਾਨਗੀ ਨਾਲ ਹੋਵੇ ਅਤੇ ਇਸ ਵਿਚ ਹੇਠ ਦਿਤੇ ਅਨੁਸਾਰ ਪਾਬੰਦੀਆਂ ਲਗਾਈਆਂ ਜਾਣ–

(ੳ) ਸੰਬੰਧਤ ਕਾਰਜ ਲਈ ਸੰਗਤਾਂ ਵਲੋਂ ਮਿਲੀ ਸਹਾਇਤਾ ਵਿਸ਼ੇਸ਼ ਗੋਲਕ ਅੰਦਰ ਪਾਈ ਜਾਵੇ, ਜੋ ਸੰਤ ਜੀ ਅਤੇ ਸੰਬੰਧਤ ਕਮੇਟੀ ਦੇ ਪ੍ਰਤੀਨਿਧ ਦੀ ਹਾਜ਼ਰੀ ਵਿਚ ਖੁਲ੍ਹੇ, ਜਿਸ ਦਾ ਬਾਕਾਇਦਾ ਰੀਕਾਰਡ ਰਖਿਆ ਜਾਵੇ। ਇਸ ਨੂੰ ਖਰਚ ਭਾਵੇਂ ਸੰਤ ਜੀ ਹੀ ਕਰਨ, ਪਰ ਇਸ ਦਾ ਹਿਸਾਬ ਰਖਣਾ ਜ਼ਰੂਰੀ ਹੋਵੇ, ਜਿਸ ਦੀ ਪੜਤਾਲ ਕੀਤੀ ਜਾ ਸਕੇ।

(ਅ) ਸੰਬੰਧਤ ਸੰਤ ਜੀ ਦਾ ਹੱਥ ਵਿਚ ਲੀਤੇ ਕਾਰਜ ਤੋਂ ਬਿਨਾਂ ਗੁਰਦੁਆਰੇ ਦੇ ਹੋਰ ਕਿਸੇ ਕੰਮ ਵਿਚ ਦਖ਼ਲ ਨ ਹੋਵੇ।

(ੲ) ਸੰਬੰਧਤ ਕਾਰਜ ਦੇ ਖ਼ਾਤਮੇ ਤੇ ਇਹ ਕਮੇਟੀ ਨੂੰ ਸੌਂਪ ਦਿਤਾ ਜਾਵੇ।

(ਸ) ਕਾਰਜ ਦੀ ਸਹਾਇਤਾ ਲਈ ਅਰਦਾਸ ਹੋਈ ਕਿਸੇ ਤਰ੍ਹਾਂ ਦੀ ਅਚੁਕ ਜਾਇਦਾਦ ਮਕਾਨ ਜ਼ਮੀਨ ਆਦਿ ਸੰਬੰਧਤ ਗੁਰਦੁਆਰਾ ਕਮੇਟੀ ਦੀ ਸੰਭਾਲ ਵਿਚ ਰਹਿਣ ਅਤੇ ਗੁਰਦੁਆਰੇ ਦੇ ਨਾਮ ਦਰਜ ਹੋਣ।

(ਹ) ਅਗਰ ਸੇਵਾ ਦੇ ਦੌਰਾਨ ਸੰਤ ਜੀ ਦਾ ਦਿਹਾਂਤ ਹੋ ਜਾਵੇ ਤਾਂ ਸੰਤ ਜੀ ਨੂੰ ਆਪਣਾ ਜਾਨਸ਼ੀਨ ਮੁਕੱਰਰ ਕਰ ਦੇਣ ਦਾ ਅਧਿਕਾਰ ਨ ਹੋਵੇ, ਇਹ ਅਧਿਕਾਰ ਆਪਣੇ ਆਪ ਹੀ ਸੰਬੰਧਤ ਗੁ: ਕਮੇਟੀ ਨੂੰ ਹੋਇਆ ਸਮਝਿਆ ਜਾਵੇ।

੨. ਸਿਖ ਧਰਮ ਅੰਦਰ ਨਿਸ਼ਕਾਮ ਸੇਵਾ ਦਾ ਬਹੁਤ ਮਹਾਤਮ ਹੈ, ਜੋ ਆਦਿ ਤੋਂ ਗੁਰਦੁਆਰਿਆਂ ਨਾਲ ਜੁੜੀ ਰਹੀ ਹੈ–ਪੱਖਾ, ਪਾਣੀ, ਲੰਗਰ, ਝਾੜੂ ਦੀਆਂ ਸੇਵਾਵਾਂ ਇਸ ਦੇ ਕੁਝ ਕੁ ਵਿਸ਼ੇਸ਼ ਪੱਖ ਹਨ। ਪੰਜਾਬ ਗੁ: ਐਕਟ ਦੇ ਲਾਗੂ ਹੋਣ ਤੋਂ ਪਹਿਲਾਂ ਅਜਿਹੀ ਸੇਵਾ ਨੂੰ ਵਡੀ ਮਾਨਤਾ ਪ੍ਰਾਪਤ ਸੀ, ਜਿਸ ਦਾ ਉਸ ਪਿਛੋਂ ਭੋਗ ਪੈ ਗਿਆ ਹੈ। ਇਸ ਦੇ ਪੁਨਰ-ਨਿਰਮਾਣ ਲਈ ਵਿਉਂਤੇ ਜਾ ਰਹੇ ਐਕਟ ਵਿਚ ਪ੍ਰੋਵੀਯਨ (ਬਿਵਸਥਾ) ਹੋਣਾ ਜ਼ਰੂਰੀ ਹੈ।

ਸੈਂਟ੍ਰਲ ਬੋਰਡ ਵਲੋਂ ਉਲੀਕੀ ਜਾਣ ਵਾਲੀ ਗੁਰਦੁਆਰਾ ਪ੍ਰਬੰਧ ਸਕੀਮ ਵਿਚ ਇਸ ਪ੍ਰਕਾਰ ਦੀ (ਆਨਰੇਰੀ) ਨਿਸ਼ਕਾਮ ਸੇਵਾ ਲਈ ਥਾਂ ਹੋਣਾ ਚਾਹੀਦਾ ਹੈ, ਬਲਕਿ ਅਜਿਹਾ ਹੋਣਾ ਗੁਰਦੁਆਰਾ ਕਮੇਟੀਆਂ ਲਈ ਵਿਸ਼ੇਸ਼ ਕ੍ਰੈਡਿਟ ਦਾ ਕਾਰਨ ਹੋਵੇ ਅਤੇ ਇਸ ਦਾ ਜ਼ਿਕਰ ਸਮੇਂ ਸਮੇਂ ਪ੍ਰਕਾਸ਼ਤ ਹੋਣ ਵਾਲੀ 'ਗੁਰਦੁਆਰਾ ਪ੍ਰਬੰਧ ਰੀਪੋਰਟ' ਵਿਚ ਕੀਤਾ ਜਾਵੇ।

## ਗੁਰਦੁਆਰੇ ਨੂੰ ਭੇਟਾਵਾਂ ਅਤੇ ਫੁਟਕਲ

੧. ਐਕਟ ਅੰਦਰ ਪ੍ਰੋਵੀਯਨ (ਬਿਵਸਥਾ) ਹੋਵੇ ਕਿ ਜੇ ਕੋਈ ਸ਼ਰਧਾਲੂ ਕਿਸੇ ਵਿਸ਼ੇਸ਼ ਗੁਰਦੁਆਰੇ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਕੋਈ ਅਚੁਕ ਜਾਇਦਾਦ ਲਗਾਉਣਾ ਚਾਹੁੰਦਾ ਹੈ ਤਾਂ ਉਸ ਦੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਤੇ ਗੁਰਦੁਆਰੇ ਨੂੰ ਸਖ਼ਸ਼ੀ (person) ਹੈਸੀਅਤ ਰਖਣ ਦਾ ਅਧਿਕਾਰ ਹੋਵੇ, ਅਥਵਾ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਗੁਰਦੁਆਰੇ ਦੇ ਨਾਮ ਲਗ ਸਕੇ।


www.AKJ.org

੨. ਗੁਰਦੁਆਰਾ ਕਮੇਟੀਆਂ ਅਤੇ ਸੈਂਟ੍ਰਲ ਤਥਾ ਪ੍ਰਾਂਤਕ ਬੋਰਡ ਦਾ ਕੋਈ ਮੈਂਬਰ ਜਾਂ ਅਹੁਦੇਦਾਰ ਆਪਣਾ ਅਜਿਹੀ ਪੁਜ਼ੀਸ਼ਨ ਨੂੰ ਕੋਈ ਰਾਜਸੀ ਪਦ ਜਾਂ ਮੈਂਬਰਸ਼ਿਪ (ਐਮ. ਪੀ., ਐਮ. ਐਲ. ਏ. ਜਾਂ ਕਿਸੇ ਸਰਕਾਰੀ ਕਾਰਪੋਰੇਸ਼ਨ ਦੀ ਮੈਂਬਰੀ ਆਦਿ) ਹਾਸਲ ਕਰਨ ਲਈ ਪੌੜੀ ਨਾ ਬਣਾਵੇ। ਅਗਰ ਗੁਰਦੁਆਰਿਆਂ ਨਾਲ ਸੰਬੰਧਤ ਕੋਈ ਸਜਣ ਐਸਾ ਕਰਦਾ ਹੈ, ਅਥਵਾ ਕਿਸੇ ਰਾਜਸੀ ਪਦ ਲਈ ਆਪਣਾ nomination ਪੇਪਰ ਭਰਦਾ ਹੈ ਤਾਂ ਉਸ ਦਾ ਇਹ ਕਰਤਵ ਉਸ ਨੂੰ ਆਪਣੇ ਆਪ ਹੀ (automatically) ਗੁਰਦੁਆਰਿਆਂ ਨਾਲ ਸੰਬੰਧਤ ਪੁਜ਼ੀਸਨ ਤੋਂ ਖ਼ਾਰਜ ਕਰ ਦੇਵੇ।*

੩. ਗੁਰਦੁਆਰਿਆਂ ਅੰਦਰ ਸਰਕਾਰੀ ਦਖ਼ਲ ਬਿਲਕੁਲ ਬੰਦ ਹੋਵੇ। ਗੁਰਦੁਆਰਿਆਂ ਦੇ ਹਰ ਕਿਸਮ ਦੇ ਝਗੜੇ ਨਿਪਟਾਣ ਲਈ ਤਿੰਨ ਜਜਾਂ ਤੇ ਅਧਾਰਤ ਗੁਰਦੁਆਰਾ ਅਦਾਲਤ ਹੋਵੇ, ਜਿਨ੍ਹਾਂ ਵਿਚ ਘਟੋ ਘਟ ਦੋ ਸਿਖ ਜਜ ਹੋਣ, ਜੋ ਗੁ: ਕੇਂਦਰੀ ਬੋਰਡ ਦੇ ਭੇਜੇ ਪੈਨਲ ਵਿਚੋਂ ਨਾਮਜ਼ਦ ਕੀਤੇ ਜਾਣ। ਇਨ੍ਹਾਂ ਵਿਚੋਂ ਹੀ ਇਕ ਜਿਊਰੀ (Jury) ਦਾ ਪ੍ਰਧਾਨ ਹੋਵੇ।

੪. ਕੇਂਦਰੀ ਅਤੇ ਪ੍ਰਾਂਤਕ ਬੋਰਡ ਇਸ ਗੱਲ ਲਈ ਜ਼ਿਮੇਵਾਰ ਹੋਣ ਕਿ ਸਮਾਜ-ਵਿਰੋਧੀ ਅਨਸਰ ਗੁਰਦੁਆਰਿਆਂ ਅੰਦਰ ਪਨਾਹ ਨ ਲੈ ਸਕਣ। ਇਉਂ ਹੀ ਫੌਜ, ਸੁਰੱਖਿਆ ਦਲਾਂ, ਤਥਾ ਪੁਲਸ ਦੇ ਕਿਸੇ ਗੁਰਦੁਆਰੇ ਅਤੇ ਇਸ ਨਾਲ ਸੰਬੰਧਤ ਆਸ਼ਰਮ ਲੰਗਰ ਸਰਾਇ ਦਫਤਰ ਆਦਿ ਅੰਦਰ ਦਾਖ਼ਲ ਹੋਣ ਦੀ ਮਨਾਹੀ ਹੋਵੇ।

੫. ਲੋਕਲ ਗੁ:ਕਮੇਟੀਆਂ ਹਰ ਗੁਰਦੁਆਰੇ ਨਾਲ ਘਟੋ ਘਟ ਨਰਸਰੀ ਤੇ ਪ੍ਰਾਇਮਰੀ ਪਧਰ ਦੇ ਸਕੂਲ ਚਲਾਉਣ, ਜਿਸ ਵਿਚ ਪੰਜਾਬੀ (ਗੁਰਮੁਖੀ) ਪੜ੍ਹਾਈ ਅਤੇ ਸਿਖ ਧਰਮ ਤੇ ਇਤਿਹਾਸ ਦੀ ਮੁਢਲੀ ਜਾਣਕਾਰੀ ਬੱਚਿਆਂ ਨੂੰ ਦਿਤੀ ਜਾਵੇ।

## ਸ੍ਰੀ ਅਕਾਲ ਤਖਤ ਸਾਹਿਬ ਤੇ ਪੰਚ ਪ੍ਰਧਾਨੀ ਖਾਲਸਾ

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਚੁਣਨ ਲਈ ਵੈਸੇ ਤਾਂ ਦੇਸ਼ ਅਤੇ ਪਰਦੇਸਾਂ ਦੇ ਸਮੂੰਹ ਸਿਖਾਂ ਨੂੰ ਅਧਿਕਾਰ ਹੋਣਾ ਚਾਹੀਦਾ ਹੈ ਅਤੇ ਇਸ ਦੇ ਲਈ ਜਤਨ-ਸ਼ੀਲ ਹੋਣਾ ਜ਼ਰੂਰੀ ਹੈ; ਪ੍ਰੰਤੂ ਫ਼ਿਲਹਾਲ ਇਹ ਚੋਣ ਦੇਸ ਦੇ ਸਿਖਾਂ ਚੋਂ ਕਰ ਕੇ ਕੰਮ ਅਰੰਭ ਕਰ ਦੇਣਾ ਠੀਕ ਰਹੇਗਾ। ਵਿਉਂਤ ਇਉਂ ਹੋਵੇ :—

ਦੇਸ ਦੇ ਸਾਰੇ ਲੈਜਿਸਲੇਟਰ ਚੋਣ-ਹਲਕਿਆਂ ਅੰਦਰ ਵਸਦੇ ਸਿਖਾਂ ਦੀ ਆਬਾਦੀ ਦੇਸ ਦੀ ਆਖ਼ਰੀ ਮਰਦਮ ਸ਼ੁਮਾਰੀ ਰੀਪੋਰਟ ਤੋਂ ਨੋਟ ਕੀਤੀ ਜਾਵੇ ਅਤੇ ਆਬਾਦੀ ਅਨੁਸਾਰ ਹਰ ਹਲਕੇ (ਜਾਂ ਘਟ-ਗਿਣਤੀ ਵਾਲੇ ਕਈ ਹਲਕੇ ਮਿਲਾ ਕੇ) ਲਈ ਪ੍ਰਤੀਨਿਧ ਗਿਣਤੀ ਨੋਟ ਕਰ ਲਈ ਜਾਏ ਅਤੇ ਇਉਂ ਨੋਟ ਕੀਤੇ ਹਰ ਹਲਕੇ ਤਥਾ ਪ੍ਰਾਂਤ, ਸ਼ਹਿਰ ਜਾਂ ਵਡੀ ਸਿਖ ਵਸੋਂ ਵਾਲੇ ਹਲਕਿਆਂ (ਜਿਵੇਂ ਪੰਜਾਬ ਜਾਂ ਕਈ ਵਡੇ ਸ਼ਹਿਰਾਂ ਵਿਚ ਹਨ) ਦੀਆਂ ਸਿਖ ਸੰਗਤਾਂ ਨੂੰ ਆਪੋ ਆਪਣੀ ਇਕੱਤਰਤਾ ਕਰ ਕੇ ਉਨ੍ਹਾਂ ਵਲੋਂ ਹਰ ਹਲਕੇ ਦੀ ਵੰਡ ਅਨੁਸਾਰ ਪ੍ਰਤੀਨਿਧ ਲੈ ਲਏ ਜਾਣ, ਜੋ ਸਰਬ-ਸੰਮਤੀ ਨਾਲ ਚੁਣੇ ਜਾਣ।

ਅਜਿਹੇ ਚੁਣੇ ਸਾਰੇ ਪ੍ਰਤੀਨਿਧ ਇਸ ਕਾਰਜ ਹਿਤ 'ਸਰਬੱਤ ਖਾਲਸਾ' ਸਮਝਿਆ ਜਾਵੇ। ਇਸ ਸਰਬੱਤ ਖਾਲਸਾ ਦੀ ਇਕੱਤਰਤਾ ਸ੍ਰੀ ਅਕਾਲ ਤਖਤ ਸਾਹਿਬ ਤੇ ਬੁਲਾ ਕੇ ਅਰਦਾਸਾ ਸੋਧਣ ਉਪਰੰਤ ਸਰਬੱਤ ਖਾਲਸਾ ਵਿਚੋਂ ਇਕ ਸਿੰਘ ਸਰਬ-ਸੰਮਤੀ ਨਾਲ ਚੁਣਿਆ ਜਾਵੇ। ਇਕ ਤੋਂ ਵਧੇਰੇ ਨਾਮ ਤਜਵੀਜ਼ ਹੋਣ ਦੀ ਹਾਲਤ ਵਿਚ ਉਨ੍ਹਾਂ ਸਾਰਿਆਂ ਦੀਆਂ ਪਰਚੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਪਾ ਕੇ ਅਰਦਾਸ ਉਪ੍ਰੰਤ ਇਕ ਪਰਚੀ ਕਢ ਲਈ ਜਾਏ ਅਤੇ ਉਸ ਪਰਚੀ ਵਾਲੇ ਸਜਣ ਨੂੰ ਸਰਬੱਤ ਖਾਲਸਾ ਵਲੋਂ ਸਿੰਘ ਸਾਹਿਬ ਹੋਣਾ ਤਸਲੀਮ ਕੀਤਾ ਜਾਵੇ। ਉਪ੍ਰੰਤ ਉਹ ਸਜਣ ਤਖਤ ਸਾਹਿਬ ਤੋਂ ਸਰਬੱਤ ਖਾਲਸਾ ਵਿਚੋਂ ਨੰਬਰ ਦੋ ਸਿੰਘ ਦੇ ਨਾਮ ਦਾ ਐਲਾਨ ਕਰੇ।

---

*ਕੇਵਲ ਖ਼ਾਰਜ ਕਰਨ ਨਾਲ ਤਾਂ ਇਹ ਗੁਰਦੁਆਰਾ ਕਮੇਟੀ ਦੀਆਂ ਮੈਂਬਰੀਆਂ ਪਉੜੀ ਬਣੀਆਂ ਰਹਿਣਗੀਆਂ। ਸਗੋਂ ਸਿੱਖ ਗੁਰਦੁਆਰਾ ਐਕਟ ਵਿਚ ਇਕ ਇਹ ਮਦ ਜ਼ਰੂਰੀ ਹੋਵੇ ਕਿ ਸ਼੍ਰੋ: ਗੁ: ਪ੍ਰ: ਕਮੇਟੀ ਦਾ ਕੋਈ ਮੈਂਬਰ, ਮੈਂਬਰੀ ਤੋਂ ਹਟਣ ਮਗਰੋਂ ਆਉਂਦੇ ਦਸ ਸਾਲ ਤਕ ਵਿਧਾਨ ਸਭਾ ਆਦਿ ਦੀ ਚੋਣ ਲੜਨ ਦਾ ਅਧਿਕਾਰੀ ਨਾ ਬਣ ਸਕੇ। —ਸੰਪਾਦਕ



www.AKJ.Org

ਇਸ ਪਿਛੋਂ ਇਹ ਦੋਨੋਂ ਸਿੰਘ (ਸਿੰਘ ਸਾਹਿਬ ਅਤੇ ਉਸ ਵਲੋਂ ਨਿਯੁਕਤਿਆ ਸਜਣ) ਮਿਲ ਕੇ ਸਰਬੱਤ ਖਾਲਸਾ ਵਿਚੋਂ ਤੀਜਾ ਸਿੰਘ ਨਾਮਜ਼ਦ ਕਰਨ ਉਪ੍ਰੰਤ ਤਿੰਨੇ ਮਿਲ ਕੇ ਇਸੇ ਤਰ੍ਹਾਂ ਚੌਥਾ, ਅਤੇ ਫਿਰ ਚਾਰੇ ਮਿਲ ਕੇ ਸਰਬ-ਸੰਮਤੀ ਨਾਲ ਪੰਜਵਾਂ ਸਿੰਘ ਨੀਯਤ ਕਰ ਲੈਣ। ਇਹ ਪੰਜ ਸਿੰਘ ਪੰਜ ਪਿਆਰੇ ਅਤੇ ਪੰਚ ਪ੍ਰਧਾਨੀਆ ਖਾਲਸੇ ਦੇ ਮੁਖੀ ਅਤੇ ਹਾਈ ਕਮਾਂਡ ਦਾ ਦਰਜਾ ਰਖਣ ਅਤੇ ਤਖਤ ਸਾਹਿਬ ਤੋਂ ਅਗੋਂ ਦਾ ਹਰ ਪੰਥਕ ਕਾਰਜ ਨਜਿਠਣ ਦੇ ਅਧਿਕਾਰੀ ਹੋਣ ਅਤੇ ਸਾਰਾ ਸਿਖ ਪੰਥ ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ 'ਗੁਰੂ ਗ੍ਰੰਥ ਪੰਥ' ਹੋਣ ਵਾਲਾ ਸਤਿਕਾਰ ਭੇਟ ਕਰੇ।

ਅਜਿਹੀ ਚੋਣ ਵਿਸ਼ੇਸ਼-ਅੰਕਿਆ-ਸਮਾਂ (ਜੋ ਪੰਜ ਸਾਲ ਤੋਂ ਘਟ ਨ ਹੋਵੇ) ਬੀਤਣ ਪਿਛੋਂ ਫਿਰ ਉਪਰ ਦਰਜ ਤਰੀਕੇ ਨਾਲ ਹੋਵੇ ਅਤੇ ਇਉਂ ਹੀ ਅਗੋਂ ਵੀ ਹੁੰਦਾ ਰਹੇ। ਪੰਚ ਪ੍ਰਧਾਨੀ ਖਾਲਸੇ ਲਈ ਚੁਣਿਆ ਮੈਂਬਰ ਵਧ ਤੋਂ ਵਧ ਦੋ ਵਾਰ ਹੀ ਚੁਣਿਆ ਜਾ ਸਕੇ। ਇਸ ਤੋਂ ਵਧ ਨਹੀਂ।

---

# ਫ਼ਿਰਕਾਪ੍ਰਸਤਾਂ ਤੇ ਫ਼ਿਰਕੂ ਪਰੈਸ ਨੂੰ ਨੱਥ ਪਾਓ

(ਸ: ਸਤਨਾਮ ਸਿੰਘ ਜੀ ਚਾਹਲ)

ਜਿਸ ਅਜ਼ਾਦ ਭਾਰਤ ਵਿਚ ਅੱਜ ਸਿਖਾਂ ਨੂੰ ਗ਼ਦਾਰ, ਅਤਵਾਦੀ ਤੇ ਵਖਵਾਦੀ ਸਰਕਾਰੀ ਤੇ ਗ਼ੈਰ-ਸਰਕਾਰੀ ਤੌਰ ਤੇ ਪਰਚਾਰਿਆ ਜਾ ਰਿਹਾ ਹੈ, ਇਸ ਭਾਰਤ ਦੇਸ਼ ਦੀ ਅਜ਼ਾਦੀ ਲਈ ਸਿਖ ਕੌਮ ਨੇ ਘਟ-ਗਿਣਤੀ ਵਿਚ ਹੁੰਦਿਆਂ ਹੋਇਆਂ ਵੀ ਮਹਾਨ ਕੁਰਬਾਨੀਆਂ ਕੀਤੀਆਂ ਹਨ। ਉਹ ਲੋਕ, ਜਿਹੜੇ ਸਿਖਾਂ ਨੂੰ ਅੱਡੀ ਚੋਟੀ ਦਾ ਜ਼ੋਰ ਲਾ ਕੇ ਗ਼ਦਾਰ ਤੇ ਵਖਵਾਦੀ ਕਹਿ ਰਹੇ ਹਨ, ਉਹਨਾਂ ਨੂੰ ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਜਿਸ ਅਜ਼ਾਦੀ ਦੀ ਛਾਂ ਹੇਠਾਂ ਅੱਜ ਉਹ ਸਿਖ ਕੌਮ ਤੇ ਜ਼ੁਲਮ ਢਾਹ ਰਹੇ ਹਨ, ਇਸ ਅਜ਼ਾਦੀ ਦੀ ਪ੍ਰਾਪਤੀ ਲਈ ੩੦੩੧ ਸਿਖਾਂ ਨੇ ਆਪਣੇ ਪ੍ਰਾਣ ਦਿਤੇ, ਜਦ ਕਿ ਦੂਸਰੀਆਂ ਕੌਮਾਂ ਵਿਚੋਂ ਕੇਵਲ ੧੦੫੮ ਹੀ ਸ਼ਹੀਦ ਹੋਏ। ਇਸੇ ਅਜ਼ਾਦੀ ਦੀ ਪ੍ਰਾਪਤੀ ਲਈ ਜਲ੍ਹਿਆਂਵਾਲਾ ਬਾਗ ਦੇ ਸਾਕੇ ਵਿਚ ਸ਼ਹੀਦ ਹੋਣ ਵਾਲੇ ੧੩੦੦ ਸ਼ਹੀਦਾਂ ਵਿਚੋਂ ੭੯੯ ਕੇਵਲ ਸਿਖ ਹੀ ਸਨ। ਅਜ਼ਾਦੀ ਦੀ ਇਸ ਜੰਗ ਵਿਚ ਫਾਂਸੀ ਚੜ੍ਹਾਏ ਜਾਣ ਵਾਲੇ ਕੁਲ ੧੨੧ ਪਰਵਾਨਿਆਂ ਵਿਚੋਂ ੯੩ ਕੇਵਲ ਸਿਖ ਹੀ ਸਨ। ਪਰ ਅੱਜ ਅਫ਼ਸੋਸ ਕੇਵਲ ਇਸ ਗੱਲ ਦਾ ਹੈ ਕਿ ਜਿਸ ਭਾਰਤ ਦੀ ਅਜ਼ਾਦੀ-ਪ੍ਰਾਪਤੀ ਲਈ ਸਿਖ ਕੌਮ ਨੇ ਸਭ ਤੋਂ ਵਧ ਕੁਰਬਾਨੀਆਂ ਕੀਤੀਆਂ ਹੋਣ, ਉਸ ਅਜ਼ਾਦ ਭਾਰਤ ਵਿਚ ਅੱਜ ਬਹੁ-ਸੰਮਤੀ ਕੌਮਾਂ ਵਲੋਂ ਸਿਖਾਂ ਨਾਲ ਲਗਾਤਾਰ ਵਧੀਕੀਆਂ ਕੀਤੀਆਂ ਜਾ ਰਹੀਆਂ ਹਨ।

ਅੱਜ ਸਿੱਖਾਂ ਨੂੰ ਕਿਹਾ ਜਾ ਰਿਹਾ ਹੈ ਕਿ ਸਿਖ ਭਾਰਤ ਨਾਲੋਂ ਅੱਡ ਹੋ ਖਾਲਿਸਤਾਨ ਰਾਜ ਦੀ ਸਥਾਪਨਾ ਕਰਨੀ ਚਾਹੁੰਦੇ ਹਨ। ਭਲਾ ਜਿਸ ਭਾਰਤ ਦੀ ਅਜ਼ਾਦੀ ਪ੍ਰਾਪਤੀ ਵਿਚ ਸਿਖ ਕੌਮ ਨੇ ਦੋ ਫ਼ੀ ਸਦੀ ਹੁੰਦੇ ਹੋਇਆਂ ਵੀ ੯੮ ਫ਼ੀ ਸਦੀ ਕੁਰਬਾਨੀਆਂ ਕਰਕੇ, ਇਸ ਅਜ਼ਾਦੀ ਨੂੰ ਪ੍ਰਾਪਤ ਕੀਤਾ ਹੋਵੇ, ਉਸ ਤੋਂ ਅੱਡ ਹੋਣ ਲਈ ਸਿਖ ਕਿਵੇਂ ਸੋਚ ਸਕਦੇ ਹਨ? **ਇਥੇ ਇਕ ਗੱਲ ਦਸਣ ਵਾਲੀ ਹੈ ਕਿ ਸਿਖ ਇਸ ਭਾਰਤ ਦੇਸ ਦੇ ਵਾਰਸ ਹਨ, ਕਿਰਾਏਦਾਰ ਨਹੀਂ।** ਅੱਜ ਭਾਰਤ ਦੇ ਇਹ ਫ਼ਿਰਕਾਪ੍ਰਸਤ ਲੋਕ ਤੇ ਫ਼ਿਰਕੂ ਰੁਚੀ ਰੱਖਣ ਵਾਲਾ ਪ੍ਰੈਸ ਸਿੱਖਾਂ ਨੂੰ ਅਤਵਾਦੀ ਤੇ ਵਖਵਾਦੀ ਕਹਿ ਕੇ ਭਾਰਤ ਦੇਸ਼ ਦੀ ਤਾਂ ਕੋਈ ਸੇਵਾ ਨਹੀਂ ਕਰ ਰਹੇ, ਸਗੋਂ ਸਿਖ ਕੌਮ ਨੂੰ ਵਖਵਾਦ ਵਲ ਧੱਕਣ ਲਈ ਭਾਈਵਾਲ ਜ਼ਰੂਰ ਬਣ ਰਹੇ ਹਨ। ਜਿਹੜੇ ਲੋਕ ਅੱਜ ਸਿੱਖਾਂ ਨੂੰ ਬਦਨਾਮ ਕਰਨ ਲਈ ਪੂਰੀ ਵਾਹ ਲਾ ਰਹੇ ਹਨ, ਇਹਨਾਂ ਲੋਕਾਂ ਨੇ ਹੀ ੧੯੪੭ ਵਿਚ ਮੁਸਲਮਾਨਾਂ ਵਿਰੁਧ ਭੰਡੀ-ਪਰਚਾਰ ਕਰਕੇ ਮੁਸਲਮਾਨਾਂ ਨੂੰ ਆਪਣਾ ਵਖਰਾ ਦੇਸ਼ ਪਾਕਿਸਤਾਨ ਬਣਾਉਣ ਲਈ ਮਜ਼ਬੂਰ ਕੀਤਾ ਸੀ। ਅਜ ਇਹੋ ਹੀ ਲੋਕ ਸਿੱਖਾਂ ਵਿਰੁਧ ਭੰਡੀ-ਪਰਚਾਰ ਕਰ ਕੇ ਸਿਖਾਂ ਨੂੰ ਇਹ ਸੋਚਣ ਤੇ ਮਜਬੂਰ ਕਰ ਰਹੇ ਹਨ ਕਿ ਅਜ਼ਾਦ ਭਾਰਤ ਵਿਚ ਅੱਜ ਸਿਖ ਕਿਸ ਤਰ੍ਹਾਂ ਅਣਖ ਨਾਲ ਰਹਿ ਸਕਦੇ ਹਨ। ਸੋ ਇਹੋ ਜਿਹੇ ਫ਼ਿਰਕਾਪ੍ਰਸਤਾਂ ਨੂੰ, ਜਿਹੜੇ ਦੇਸ਼ ਦੇ ਟੁਕੜੇ ਕਰਨ ਵਿਚ ਹੀ ਆਪਣੀ ਭਲਾਈ ਸਮਝਦੇ ਹਨ, ਨੂੰ ਜਲਦੀ ਤੋਂ ਜਲਦੀ ਨੱਥ ਪਾਉਣੀ ਚਾਹੀਦੀ ਹਨ, ਤਾਂ ਕਿ ਇਹਨਾਂ ਦੀ ੧੯੪੭ ਵਾਲੀ ਕੋਸ਼ਿਸ਼ ਮੁੜ ਦੁਹਰਾਈ ਨਾ ਜਾ ਸਕੇ।



www.AKJ.Org

# ਪਹਿਲਾ ਘਲੂਘਾਰਾ (੨)

[ਕੈਪਟਿਨ ਸਵਰਨ ਸਿੰਘ ਜੀ]

ਯਾਹੀਆ ਖ਼ਾਨ ਨੂੰ ਜਦ ਇਹ ਖ਼ਬਰ ਮਿਲੀ ਕਿ ਸਿੰਘਾਂ ਦੇ ਇਕ ਜਥੇ ਨੇ ਦਲੇਰੀ ਨਾਲ ਮੋਚੀ ਗੇਟ ਰਾਹੀਂ ਸ਼ਹਿਰ ਵਿਚ ਦਾਖ਼ਲ ਹੋ ਕੇ ਇਕ ਬਾਜ਼ਾਰ ਲੁਟ ਲਿਆ ਹੈ, ਕਈ ਦੁਕਾਨਦਾਰ ਕਤਲ ਹੋ ਗਏ ਹਨ, ਉਸ ਦੇ ਉਘੇ ਮੁਫਤੀ ਅਤੇ ਕਾਜ਼ੀ ਵੀ ਮਾਰੇ ਗਏ ਹਨ ਤਾਂ ਉਸ ਦੇ ਕਰੋਧ ਦੀ ਕੋਈ ਹੱਦ ਨਾ ਰਹੀ। ਉਹ ਤਾਂ ਨਾਜ਼ਿਮ ਬਣਦਾ ਹੀ ਦਮਗਜੇ ਮਾਰਨ ਲੱਗ ਪਿਆ ਸੀ ਕਿ ਸਿੰਘ ਹੁਣ ਦਿਹਾੜੀ ਡੰਗ ਦੇ ਹੀ ਪਰਾਹੁਣੇ ਹਨ। ਉਨ੍ਹਾਂ ਦਾ ਖ਼ਾਤਮਾ ਬਹੁਤ ਛੇਤੀ ਉਸ ਦੇ ਹੱਥੀਂ ਹੋਵੇਗਾ। ਜੋ ਵਿਲ ਉਸ ਦੇ ਦਾਦੇ (ਅਬਦੁੱਸਮੱਦ ਖ਼ਾਨ ਦਲੇਰਿ ਜੰਗ) ਤੇ ਬਾਪ (ਜ਼ਕਰੀਆ ਖ਼ਾਨ, ਖਾਨ ਬਹਾਦਰ) ਤੋਂ ਰਹਿ ਗਈ ਸੀ, ਉਹ ਕਦਾਚਿਤ ਨਹੀਂ ਰਹਿਣ ਦੇਵੇਗਾ। ਦੁਨੀਆ ਲਈ ਸਿੰਘ ਸ਼ਬਦ ਅਤੀਤ ਦੀ ਕਹਾਣੀ ਬਣ ਕੇ ਰਹਿ ਜਾਵੇਗਾ। ਲੋਕ ਯਾਦ ਕਰਿਆ ਕਰਨਗੇ ਕਿ ਜਿਨ੍ਹਾਂ ਨੂੰ ਫ਼ਰਖ਼ਸੀਅਰ, ਜ਼ਬਰਦਸਤ ਖਾਨ, ਅਸਲਮ ਖਾਨ, ਅਬਦੁੱਸਮੱਦ ਖਾਨ, ਨਾਦਰਸ਼ਾਹ ਤੇ ਜ਼ਕਰੀਆ ਖਾਨ, ਨਾ ਮਾਰ ਸਕੇ ਉਨ੍ਹਾਂ ਨੂੰ ਮਾਰ ਕੇ ਯਾਹੀਆ ਖਾਨ ਨੇ ਯੁਗਾਂ ਲਈ ਨਾਮਣਾ ਖੱਟ ਲਿਆ ਹੈ। ਇਸ ਕਿਸਮ ਦੀਆਂ ਡੀਂਗਾਂ ਕਚਹਿਰੀ ਵਿਚ ਲਗ ਪਗ ਰੋਜ਼ ਹੀ ਵਜਦੀਆਂ ਰਹਿੰਦੀਆਂ ਸਨ, ਜਿਨ੍ਹਾਂ ਨੂੰ ਸੁਣ ਕੇ ਉਸ ਦੇ ਹਵਾਰੀ ਤੇ ਮੁਫਤੀ[1] ਮੁਲਾਣੇ 'ਇਨਸ਼ਾਅ-ਅੱਲਾ, ਇਨਸ਼ਾਅ-ਅੱਲਾ' ਕਹਿੰਦੇ ਨਾ ਥਕਦੇ। ਉਸ ਦੀ ਹਿੰਮਤ ਅਤੇ ਇਰਾਦੇ ਉਤੇ 'ਆਫ਼ਰੀਨ ! ਆਫਰੀਨ !' ਕਹਿ ਕੇ ਦੁਆਈਂ ਮੰਗਦੇ ਕਿ ਯਾ ਅੱਲਾ ਪਾਕ, ਰਬੁੱਲ ਆਲਮੀਨ ! ਉਸ ਨੂੰ ਇਸ ਨੇਕ ਕੰਮ ਵਿਚ ਪੂਰੀ ਕਾਮਯਾਬੀ ਬਖ਼ਸ਼। ਕਾਫ਼ਰਾਂ ਨੂੰ ਗ਼ਾਰਤ ਕਰ ਤੇ ਆਪਣੇ ਦੀਨ ਤੇ ਰਹਿਮਤ ਫੁਰਮਾ, ਆਦਿ।

ਪਰ ਜਦ ਵੱਡੇ ਵੱਡੇ ਦਾਈਏ ਬੰਨ੍ਹਣ ਵਾਲੇ ਦਾ ਲਾਹੌਰ ਵਿਚ ਬੈਠਿਆਂ, ਅਤੇ ਪਾਸ ਬੜੀ ਤਕੜੀ ਫ਼ੌਜ ਮੌਜੂਦ ਹੁੰਦਿਆਂ ਸ਼ਹਿਰ ਲੁਟਿਆ ਜਾਵੇ, ਦੁਕਾਨਦਾਰ ਮਾਰੇ ਜਾਣ, ਤੇ ਦੀਨੀ ਜੋਸ਼ ਚੜ੍ਹਾ ਚੜ੍ਹਾ ਭੂਏ ਕਰਨ ਵਾਲੇ ਮੁਫਤੀ ਮੁਲਾਣੇ ਤੇ ਕਾਜ਼ੀ ਤੇਗ ਦੀ ਭੇਟ ਚੜ੍ਹਾ ਦਿਤੇ ਜਾਣ ਤਾਂ ਉਸ ਦੀ ਸਿਕਦਾਰੀ ਕਾਹਦੀ ਰਹੀ ! ਬੜੀ ਵੱਡੀ ਨੱਕ-ਵੱਢਣੀ ਹੋਈ। ਉਹ ਰਿਆਇਆ ਨੂੰ ਕੀ ਮੂੰਹ ਵਿਖਾਵੇਗਾ ! ਸੋ ਇਸ ਘਟਨਾ ਦੀ ਖ਼ਬਰ ਨੇ ਯਾਹੀਆ ਖਾਨ ਨੂੰ ਤੜਫਾ ਕੇ ਰਖ ਦਿਤਾ। ਝੱਟ ਪੱਟ ਆਪਣੇ ਦੀਵਾਨ ਲਖਪਤ ਨੂੰ ਬੁਲਾ ਕੇ ਹੁਕਮ ਦਿਤਾ ਕਿ ਇਨ੍ਹਾਂ ਸਿੰਘਾਂ ਵਿਰੁਧ ਕਰੜੀ ਤੋਂ ਕਰੜੀ ਕਾਰਵਾਈ ਕੀਤੀ ਜਾਵੇ।

ਲਖਪਤ ਰਾਏ ਤੇ ਜਸਪਤ ਰਾਏ ਦੋਵੇਂ ਸਕੇ ਭਰਾ ਕਲਾਨੌਰ ਦੇ ਰਹਿਣ ਵਾਲੇ ਅਰੋੜੇ ਖਤਰੀ ਸਨ। ਉਨ੍ਹਾਂ ਦਾ ਛੋਟੇ ਹੁੰਦਿਆਂ ਦਾ ਬਾਪ ਮਰ ਗਿਆ ਸੀ ਤੇ ਰੋਟੀ ਤੋਂ ਆਤਰ ਹੋ ਕੇ ਲਾਹੌਰ ਵਿਖੇ ਆਪਣੇ ਰਿਸ਼ਤੇਦਾਰਾਂ ਪਾਸ ਆਣ ਟਿਕੇ ਸਨ, ਜੋ ਆਪ ਵੀ ਘਰੋਂ ਕੋਈ ਬਹੁਤੇ ਸੌਖੇ ਨਹੀਂ ਸਨ। ਜਸਪਤ ਉਮਰ ਵਿਚ ਛੋਟਾ ਸੀ। ਇਨ੍ਹਾਂ ਦੀ ਮਾਂ ਘੁੰਗਣੀਆਂ ਬਣਾ ਕੇ ਟੋਕਰੀ ਵਿਚ ਪਾ ਦੇਂਦੀ ਤੇ ਲਖਪਤ ਬਾਜ਼ਾਰ ਵਿਚ ਫਿਰ ਤੁਰ ਕੇ ਵੇਚ ਆਉਂਦਾ। ਇੰਜ ਇਸ ਤਿੰਨਾਂ ਜੀਆਂ ਦੇ ਨਿੱਕੇ ਜਿਹੇ ਟੱਬਰ ਦੀ ਪੇਟ-ਚਟਾਈ ਹੁੰਦੀ ਜਾਂਦੀ।

ਜਦ ਸ੍ਰੀ ਦਸਮੇਸ਼ ਜੀ ਦਖਣ ਨੂੰ ਜਾਂਦੇ ਹੋਏ ਪੁਸ਼ਕਰ ਅੱਪੜੇ ਤਾਂ ਭਾਈ ਪ੍ਰਿਥੀ ਜੀ ਦਰਸ਼ਨਾਂ ਨੂੰ ਆਏ ਤੇ ਬੜੇ ਪਿਆਰ ਨਾਲ ਸੇਵਾ ਕੀਤੀ। ਕਲਗੀਧਰ ਜੀ ਬੜੇ ਖੁਸ਼ ਹੋਏ। ਭਾਈ ਪ੍ਰਿਥੀ ਜੀ ਨੇ ਦਸਮੇਸ਼ ਜੀ ਤੋਂ ਸੇਵਾ ਲਈ ਆਗਿਆ ਮੰਗੀ ਤਾਂ ਉਹਨਾਂ ਨੇ ਹੁਕਮ ਦਿਤਾ ਕਿ ਮਾਝੇ ਵਿਚ ਜਾ ਕੇ ਪਰਚਾਰ ਕਰੋ ਤੇ ਲੰਗਰ ਚਲਾਉ।

ਭਾਈ ਪ੍ਰਿਥੀ ਜੀ ਹੁਕਮ ਪਾ ਕੇ ਪੰਜਾਬ ਵਲ ਆ ਗਏ ਤੇ ਮਾਝੇ ਦੀ ਧਰਤੀ ਤੇ ਫਿਰਦੇ-ਫਿਰਾਂਦੇ ਮੁਜੰਗੀਂ ਅੱਪੜੇ ਤਾਂ ਇਕ ਦਿਨ ਲਖੂ ਆਪਣੀ ਘੁੰਗਣੀਆਂ ਵਾਲੀ ਟੋਕਰੀ ਲੈ ਕੇ ਘੁੰਗਣੀਆਂ ਵੇਚਣ ਲਈ ਉਧਰ ਆ ਨਿਕਲਿਆ। ਭਾਈ ਪ੍ਰਿਥੀ ਜੀ ਨੇ ਕਿਹਾ, "ਪੁਤਰ, ਘੁੰਗਣੀਆਂ ਛਕਾਵੇਂਗਾ ?" ਲਖੂ ਨੇ ਟੋਕਰੀ ਆਪ ਜੀ ਦੇ ਅੱਗੇ ਰਖ ਕੇ ਬੜੇ ਪ੍ਰਸੰਨ-ਚਿਤ ਹੋ ਕੇ ਕਿਹਾ ਕਿ ਮਹਾਰਾਜ, ਜਿੰਨੀਆ ਚਾਹੋ, ਲੈ ਲਵੋ। ਭਾਈ ਜੀ ਨੇ ਕਿਹਾ ਕਿ ਤੇਰੇ ਘਰ ਦੇ ਗਏ ਨੂੰ ਗੁੱਸੇ ਹੋਣਗੇ। ਬਾਲਕ ਲਖਪਤ ਨੇ ਬੜੇ ਜੇਰੇ ਨਾਲ ਕਿਹਾ, ਕੋਈ ਗੱਲ ਨਹੀਂ, ਆਪ ਮਨ-ਭਾਉਂਦੀਆਂ ਲੈ ਲਵੋ।



www.AKJ.Org

ਭਾਈ ਪ੍ਰਿਥੀ ਜੀ ਨੇ ਮੁਠ ਘੁੰਗਣੀਆਂ ਲੈ ਕੇ ਅਸੀਸ ਦੇਂਦਿਆਂ ਕਿਹਾ ਕਿ ਭਾਈ ਤੂੰ ਤਾਂ ਦੀਵਾਨ ਹੈਂ। ਸਾਧ ਬਚਨ ਅਟਲਾਧਾ। ਸੋ ਸਮਾਂ ਪਾ ਕੇ ਖਾਨ ਬਹਾਦਰ ਦੇ ਸਮੇਂ ਘੁੰਗਣੀਆਂ ਵੇਚਣ ਵਾਲਾ ਇਹ ਬਾਲਕ ਦੀਵਾਨ ਬਣ ਗਿਆ ਤੇ ਦੀਵਾਨ ਲਖਪਤ ਰਾਏ ਪ੍ਰਸਿਧ ਹੋਇਆ।

ਲਖਪਤ ਰਾਏ ਨੇ ਪਹਿਲਾਂ, ਜਦ ਅਜੇ ਗਭਰੂ ਹੋਇਆ ਹੀ ਸੀ, ਤਾਂ ਅਬਦੁੱਸਮੱਦ ਖਾਨ (ਜ਼ਕਰੀਆ ਖਾਨ ਦਾ ਬਾਪ) ਨਾਜ਼ਿਮ ਲਾਹੌਰ ਪਾਸ ਨੌਕਰੀ ਕਰ ਲਈ। ਆਪਣੇ ਭਰਾ ਜਸਪਤ ਨੂੰ ਵੀ ਨੌਕਰ ਕਰਾ ਦਿਤਾ। ਉਹ ਬੜਾ ਸੋਹਣਾ ਦਰਸ਼ਨੀ ਜਵਾਨ ਸੀ ਤੇ ਨਸ-ਭਜ ਦੇ ਕੰਮ ਕਰਨ ਦਾ ਬੜਾ ਸ਼ੌਕੀਨ ਸੀ। ਨਵਾਬ ਲਾਹੌਰ ਨੇ ਉਸ ਦੀਆਂ ਖ਼ੂਬੀਆਂ ਵੇਖ ਕੇ ਉਸ ਨੂੰ ਬਿਸਤ ਦੁਆਬ ਦਾ ਫ਼ੌਜਦਾਰ ਬਣਾ ਦਿਤਾ। ਜ਼ਕਰੀਆ ਖਾਨ ਜਦ ਲਾਹੌਰ ਦਾ ਨਾਜ਼ਿਮ ਹੋ ਕੇ ਆਇਆ ਤਾਂ ਇਹ ਬਿਸਤ ਦੁਆਬ ਵਿਚ ਫੌਜਦਾਰ ਸੀ।

ਦੀਵਾਨ ਹੋ ਕੇ ਵੀ ਲਖਪਤ ਇਹੋ ਸਮਝਦਾ ਰਿਹਾ ਕਿ ਏਡੇ ਵਡੇ ਮਰਤਬੇ ਤੇ ਪਹੁੰਚ ਜਾਣਾ ਭਾਈ ਪ੍ਰਿਥੀ ਜੀ ਦੀ ਹੀ ਕਿਰਪਾ ਹੈ। ਆਪਣੇ ਆਪ ਨੂੰ ਤਨੋਂ ਮਨੋਂ ਉਹਨਾਂ ਦਾ ਰਿਣੀ ਸਮਝਦਾ ਤੇ ਉਹਨਾਂ ਦਾ ਬੜਾ ਹੀ ਸਤਿਕਾਰ ਕਰਦਾ। ਭਾਈ ਜੀ ਪਾਸ ਜਦ ਕੋਈ ਅਭਿਆਗਤ ਮਾਇਆ ਵਾਸਤੇ ਆਉਂਦਾ ਜਾਂ ਕੋਈ ਦੁਖੀ ਗਰੀਬ ਆਦਮੀ ਮਾਇਆ ਦੀ ਤੰਗੀ ਕਰਕੇ ਆਪਣੀ ਪੁਤਰੀ ਦੇ ਵਿਆਹ ਵਾਸਤੇ ਕੁਝ ਸਹਾਇਤਾ ਮੰਗਦਾ ਤਾਂ ਆਪ ਕਾਗਜ਼, ਠੀਕਰੀ ਜਾਂ ਕਿਸੇ ਸੱਕ ਪੱਤੇ ਉਤੇ ਕੋਲੇ ਨਾਲ ਰਕਮ ਲਿਖ ਕੇ ਲਖਪਤ ਵਲ ਘਲਵਾ ਦੇਂਦੇ ਅਤੇ ਉਹ ਖੁਸ਼ੀ ਨਾਲ ਰਕਮ ਦੇ ਦੇਂਦਾ, ਇਹ ਸਿਲਸਿਲਾ ਉਹਨਾਂ ਦੇ ਜੀਂਦੇ ਜੀ ਚਲਦਾ ਰਿਹਾ। ਨਾ ਤਾਂ ਭਾਈ ਜੀ ਨੇ ਹੀ ਕਿਸੇ ਲੋੜਵੰਦ ਨੂੰ ਮੋੜਿਆ ਤੇ ਨਾ ਹੀ ਲਿਖੀ ਰਕਮ ਤੋਂ ਲਖਪਤ ਰਾਏ ਨੇ ਨਾਂਹ ਕੀਤੀ। ਜਦੋਂ ਭਾਈ ਪ੍ਰਿਥੀ ਜੀ ਮਾਣਕ ਪਿੰਡ ਸਮਾਏ ਤਾਂ ਆਪ ਦੀ ਸਮਾਧ ਵੀ ਲਖਪਤ ਨੇ ਹੀ ਬਣਵਾਈ, ਜੋ ਪਾਕਿਸਤਾਨ ਬਣਨ ਤੱਕ ਕਾਇਮ ਸੀ।

ਜ਼ਕਰੀਆ ਖਾਨ ਵੇਲੇ ਇਹ ਦੀਵਾਨ ਬਣ ਗਿਆ ਸੀ। ਉਸ ਨੇ ਸਿਖਾਂ ਉਤੇ ਜਿੰਨਾ ਵੀ ਜ਼ੁਲਮ ਜਬਰ ਦਾ ਝਖੜ ਝੁਲਾਇਆ, ਇਹ ਉਸ ਵਿਚ ਬਰਾਬਰ ਦਾ ਭਾਈਵਾਲ ਰਿਹਾ। ਇਸੇ ਲਖਪਤ ਨੇ ਭਾਈ ਮਨੀ ਸਿੰਘ ਜੀ ਨੂੰ ਫੜਵਾਇਆ ਤੇ ਹੋਰ ਕਈ ਸਿੰਘਾਂ ਨੂੰ ਮਰਵਾਇਆ ਸੀ। ਸ਼ਾਹ ਨਿਵਾਜ਼ ਵੇਲੇ ਵੀ ਇਹੋ ਦੀਵਾਨ ਸੀ ਤੇ ਜਦ ਉਸ ਨੇ ਸਿੰਘਾਂ ਉਤੇ ਸਖਤੀ ਅਰੰਭੀ ਤਾਂ ਉਹਨਾਂ ਮੁਹਿੰਮਾਂ ਦਾ ਬੰਦੋਬਸਤ ਵੀ ਇਸ ਨੇ ਹੀ ਕੀਤਾ ਸੀ।

ਭਾਈ ਤਾਰਾ ਸਿੰਘ ਵਾਂ ਵਾਲੇ ਦੀ ਸ਼ਹਾਦਤ, ਹਰਿਮੰਦਰ ਸਾਹਿਬ ਵਿਚ ਮੱਸੇ ਰਾਹੀਂ ਜ਼ੁਲਮੀ ਕਾਰਾ, ਭਾਈ ਤਾਰੂ ਸਿੰਘ, ਹਕੀਕਤ ਰਾਏ ਤੇ ਹਜ਼ਾਰਾਂ ਸਿੰਘਾਂ ਤੇ ਬੱਚਿਆਂ ਦੀਆਂ ਸ਼ਹਾਦਤਾਂ ਇਸ ਦੀ ਦੀਵਾਨੀ ਵਿਚ ਹੀ ਹੋਈਆਂ ਸਨ।

ਹੁਣ ਯਾਹੀਆ ਖਾਨ ਵੇਲੇ ਵੀ ਇਹੋ ਹੀ ਦੀਵਾਨ ਸੀ। (ਯਾਦ ਰਹੇ ਕਿ ਮੀਰ ਮੰਨੂੰ ਦੇ ਵੇਲੇ ਵੀ ਇਹੋ ਹੀ ਦੀਵਾਨ ਸੀ)।

ਹੁਣ ਯਾਹੀਆ ਖ਼ਾਨ ਦੇ ਸਮੇਂ ਇਸ ਨੇ ਸਿੰਘਾਂ ਦਾ ਪੂਰਾ ਪੂਰਾ ਬੰਦੋਬਸਤ ਕਰਨਾ ਚਾਹਿਆ, ਤੇ ਆਪਣੇ ਭਾਈ ਜਸਪਤ ਨੂੰ ਫ਼ੌਜ ਦੇ ਕੇ ਸਿੰਘਾਂ ਨੂੰ ਝਲਾਂ ਵਿਚੋਂ ਫੜਨ ਲਈ ਘਲਿਆ ਤੇ ਤਾਕੀਦ ਕੀਤੀ ਕਿ ਇਹਨਾਂ ਨਾਲ ਕੋਈ ਰੂ-ਰਿਆਇਤ ਜਾਂ ਨਰਮੀ ਨਾ ਵਰਤੀ ਜਾਵੇ।

ਲਖਪਤ ਰਾਏ ਤੇ ਉਸਦਾ ਭਰਾ ਜਸਪਤ ਰਾਏ ਤਾਂ ਸਿੰਘਾਂ ਨੂੰ ਮਾਰਨ ਮਰਵਾਉਣ ਵਿਚ ਪਹਿਲਾਂ ਹੀ ਬੜਾ ਨਾਮਣਾ ਕਮਾ ਚੁਕੇ ਸਨ। ਹੁਣ ਉਸ ਨੇ ਬੜੇ ਸਖ਼ਤ ਹੁਕਮ ਦੇ ਕੇ ਫ਼ੌਜ ਨੂੰ ਸਿੰਘਾਂ ਮਗਰ ਚਾੜ੍ਹ ਦਿਤਾ। ਫੌਜ ਨੇ ਮਾਝੇ ਰਿਆੜਕੀ ਤੇ ਲਹਿੰਦੇ ਦਾ ਚੱਪਾ ਚੱਪਾ ਛਾਣ ਮਾਰਿਆ। ਜਿਥੇ ਰਤਾ ਮਾਸਾ ਵੀ ਸ਼ੱਕ ਪਿਆ, ਘਰ ਘਾਟ, ਕਈ ਪੂਰੀਆਂ ਵਸਤੀਆਂ ਤੇ ਫ਼ਸਲਾਂ ਸਾੜ ਫੂਕ ਦਿਤੀਆਂ।

**ਜਸਪਤ ਰਾਏ ਦਾ ਕਤਲ–**

ਜਸਪਤ ਰਾਏ ਇਸ ਵੇਲੇ ਐਮਨਾਬਦ ਫ਼ੌਜਦਾਰ ਸੀ। ਜ਼ਕਰੀਆ ਖ਼ਾਨ ਜਦ ਲਾਹੌਰ ਦਾ ਹਾਕਿਮ ਬਣਿਆ ਸੀ, ਇਸ ਨੇ ਜਸਪਤ ਰਾਏ ਨੂੰ ਜਲੰਧਰ ਦੁਆਬ ਦੀ ਫ਼ੌਜਦਾਰੀ ਤੋਂ ਹਟਾ ਕੇ ਇਸ ਦੀ ਜਗ੍ਹਾ ਅਦੀਨਾਬੇਗ ਖਾਨ ਨੂੰ



www.AKJ.Org

ਲਾ ਦਿਤਾ ਅਤੇ ਇਸ ਨੂੰ ਐਮਨਾਬਾਦ ਦਾ ਫ਼ੌਜਦਾਰ ਬਣਾ ਦਿਤਾ ਸੀ ।੨ ਜਸਪਤ ਰਾਏ ਆਪਣੇ ਆਕਾ ਪ੍ਰਤੀ ਨਮਕ-ਹਲਾਲੀ ਦਾ ਹਦੋਂ ਵਧ ਕੇ ਸਬੂਤ ਦੇਣ ਲਈ ਸਿੰਘਾਂ ਉਤੇ ਮੌਤ ਦੀ ਘਟਾ ਬਣ ਕੇ ਵੱਸ ਰਿਹਾ ਸੀ । ਹੁਣ ਜਦੋਂ ਯਾਹੀਆ ਖਾਨ ਦਾ ਨਵਾਂ ਹੁਕਮ ਦੀਵਾਨ ਲਖਪਤ ਰਾਹੀਂ ਪੁਜਾ ਤਾਂ ਉਹ ਹੋਰ ਸਰਗਰਮ ਹੋ ਗਿਆ ।

ਉਸ ਨੇ ਰਾਵੀ ਦੇ ਝਲ ਝਾੜਨੇ ਸ਼ੁਰੂ ਕੀਤੇ ਤੇ ਸਿੰਘਾਂ ਦਾ ਇਕ ਜਥਾ ਜੋ ਝਲੋ ਝਲ ਪਹਾੜ ਨੂੰ ਜਾ ਰਿਹਾ ਸੀ, ਉਸ ਦੇ ਮਗਰ ਲੱਗ ਪਿਆ । ਇੱਕਾ-ਦੁੱਕਾ ਝੜਪਾਂ ਬਾਅਦ ਉਸ ਨੇ ਜਥੇ ਨੂੰ ਝਲੋਂ ਕੱਢ ਕੇ ਐਮਨਾਬਾਦ ਦੇ ਰੁਖ ਵਲ ਨੂੰ ਧਕ ਦਿਤਾ ।

ਜਸਪਤ ਰਾਏ ਜਥੇ ਦਾ ਪਿੱਛਾ ਨਾ ਕਰ ਸਕਿਆ ਤੇ ਖੁਖਰਾਨ ਪਿੰਡ ਆਣ ਡੇਰੇ ਲਾਏ । ਇਥੇ ਇਕ ਤਾਂ ਇਹ ਮਾਲੀਆ ਉਗਾਹੁਣ ਲੱਗ ਪਿਆ ਤੇ ਦੂਸਰੀ ਵਿਉਂਤ ਇਹ ਬਣਾਈ ਕਿ ਜੇ ਮਾਝੇ ਵਲੋਂ ਕੋਈ ਜਥਾ ਰਾਵੀ ਟੱਪ ਕੇ ਇਸ ਪਾਸੇ ਨੂੰ ਚੜ੍ਹੇ ਤਾਂ ਝਲ 'ਚੋਂ ਨਿਕਲਦਿਆਂ ਨੂੰ ਘੇਰ ਕੇ ਮਾਰ ਲਵੇ ਜਾਂ ਫੜ ਲਵੇ । ਨਾਲ ਹੀ ਚਨਾਬ ਵਾਲੇ ਪਾਸਿਓਂ ਸਿੰਘਾਂ ਨੂੰ ਮਾਰ-ਧਾੜ ਲਈ ਲਾਹੌਰ ਵਲ ਨੂੰ ਨਾ ਵਧਣ ਦਿਤਾ ਜਾਵੇ ।

ਖੁਖਰਾਨ ਪਿੰਡ ਵਿਖੇ ਬੈਠੇ ਜਸਪਤ ਰਾਏ ਨੂੰ ਗੋਂਦਲਾਂਵਾਲੇ ਪਿੰਡ ਦੇ ਇਕ ਵਸਨੀਕ ਨੇ ਖ਼ਬਰ ਦਿਤੀ ਕਿ ਸਿੰਘਾਂ ਦਾ ਇਕ ਤਕੜਾ ਜਥਾ ਇਸ ਪਾਸੇ ਆਇਆ ਹੈ ਤੇ ਖੁਖਰਾਨ ਤੇ ਗੋਂਦਰਾਂਵਾਲੇ ਪਿੰਡਾਂ ਦੇ ਚਰਦੇ ਇੱਜੜਾਂ ਚੋਂ ਬਕਰੇ ਹਿਕ ਕੇ ਲੈ ਗਿਆ ਹੈ ।* ਇਸ ਵੇਲੇ ਰੋੜੀ ਸਾਹਿਬ (ਗੁਰਦਵਾਰਾ ਸਾਹਿਬ) ਲਾਗੇ ਬੈਠੇ ਬਕਰੇ ਭੁੰਨ ਭੁੰਨ ਛਕ ਰਿਹਾ ਹੈ । ਕਾਫ਼ੀ ਬਕਰੇ ਉਨ੍ਹਾਂ ਦੇ ਪਾਸ ਸਾਡੇ ਫੜੇ ਹੋਏ ਹਨ ।

ਜਸਪਤ ਰਾਏ ਨੇ ਆਪਣੇ ਕੁਝ ਸਵਾਰ ਇਹ ਹੁਕਮ ਦੇ ਕੇ ਭਜਾਏ ਕਿ ਬਕਰੇ ਖੋਹ ਲਏ ਜਾਣ ਤੇ ਉਨ੍ਹਾਂ ਨੂੰ ਮਾਰ ਕੇ ਉਥੋਂ ਉਠਾ ਦਿਤਾ ਜਾਵੇ ।

ਇਹ ਦਸਤਾ ਜਦ ਰੋੜੀ ਸਾਹਿਬ ਵਿਖੇ ਪੁਜਾ ਤਾਂ ਸਿੰਘਾਂ ਦੇ ਗਲ ਤਾਂ ਨਾ ਪਿਆ, ਪਰ ਇਸ ਦੇ ਮੁਖੀ ਨੇ ਸਿੰਘਾਂ ਨੂੰ ਕਿਹਾ ਕਿ ਭਲਾ ਇਸੇ ਵਿਚ ਹੈ ਕਿ ਫੜੇ ਹੋਏ ਬਕਰੇ ਤੁਰੰਤ ਵਾਪਸ ਕਰ ਦਿਉ ਤੇ ਨਾਲ ਹੀ ਡੇਰਾ ਡੰਡਾ ਚੁਕੋ ਤੇ ਚਲਦੇ ਬਣੋ । ਫ਼ੌਜਦਾਰ ਸਾਹਿਬ ਦਾ ਇਹ ਹੁਕਮ ਹੈ । ਸਿੰਘਾਂ ਨੇ ਉਤਰ ਦਿਤਾ ਕਿ ਬਕਰੇ ਜਿਥੇ ਤੁਹਾਨੂੰ ਦਿਸਦੇ ਹਨ, ਬੇਸ਼ੱਕ ਫੜ ਲਵੋ, ਸਾਨੂੰ ਕੋਈ ਉਜ਼ਰ ਨਹੀਂ । ਦੀਵਾਨ ਸਾਹਿਬ ਨੂੰ ਜਾ ਕੇ ਕਹਿ ਦਿਓ ਕਿ ਅਸੀਂ ਕਈ ਦਿਨਾਂ ਤੋਂ ਕੜਾਕੇ ਤੇ ਹਾਂ (ਭਾਵ, ਲੰਗਰ ਛਕੇ ਨੂੰ ਕਈ ਦਿਨ ਹੋ ਗਏ ਹਨ, ਫਾਕੇ ਵਿਚ ਹਾਂ) ਅਤੇ ਲੰਗਰ ਛਕ ਕੇ ਚਲੇ ਜਾਵਾਂਗੇ । ਅਸੀਂ ਉਸ ਦੇ ਇਲਾਕੇ ਵਿਚ ਕੋਈ ਲੁਟ-ਮਾਰ ਨਹੀਂ ਕੀਤੀ ਤੇ ਨਾ ਸਾਡਾ ਕੋਈ ਇਰਾਦਾ ਹੀ ਹੈ । ਸਾਡੇ ਵਲੋਂ ਭਰੋਸਾ ਰਖੇ । ਇਥੇ ਰਾਤ ਹੀ ਕਟਣੀ ਹੈ । ਸਵੇਰੇ ਅਸਾਂ ਆਪਣੇ ਆਪ ਹੀ ਚਾਲੇ ਪਾ ਜਾਣੇ ਹਨ ।

ਇਸ ਦਸਤੇ ਨੇ ਜਦ ਵਾਪਸ ਆ ਕੇ ਇਹ ਸਭ ਕੁਝ ਦਸਿਆ ਤਾਂ ਉਹ ਸਟ ਖਾਧੇ ਸੱਪ ਵਾਂਗ ਵਿਸ ਘੋਲਣ ਲੱਗਾ । ਜਸਪਤ ਰਾਏ ਦੇ ਹੁਕਮ ਕਰ ਕੇ, ਇਲਾਕੇ ਦੇ ਸਾਰੇ ਚੌਧਰੀ ਆਪਣੀਆਂ ਛੇੜਾਂ ਸਣੇ ਉਸ ਦੇ ਨਾਲ ਸਨ ਤੇ ਚੱਠਿਆਂ ਦੇ ਸਵਾਰ ਤੇ ਪਿਆਦਾ ਫੌਜ ਵੀ ਉਸ ਨਾਲ ਸ਼ਾਮਲ ਸੀ, ਸ਼ੇਰਾ ਚੌਧਰੀ ਸਭ ਤੋਂ ਅਗੇ ਸੀ । ਇਸ ਨੇ ਹਾਜੀ ਬਣ ਕੇ ਸਿੰਘਾਂ ਵਿਰੁਧ ਮਰ ਮਿਟਣ ਲਈ ਸਿਰ ਤੇ ਕਫ਼ਨ ਬਧਾ ਹੋਇਆ ਸੀ । ਇਹ ਸਾਰਾ ਢਿਮ-ਢਾਣਾ ਐਲੀ ਐਲੀ ਕਰਦਾ ਰੋੜੀ ਸਾਹਿਬ ਵਿਖੇ ਸਿੰਘਾਂ ਉਤੇ ਜਾ ਪਿਆ । ਸਿੰਘਾਂ ਨੂੰ ਕਈਆਂ ਦਿਨਾਂ ਦੇ ਕੜਾਕੇ ਪਿਛੋਂ ਮਸਾਂ ਮਸਾਂ ਕੁਝ ਖਾਣ ਨੂੰ ਲਭਾ ਸੀ, ਪਰ ਵੈਰੀ ਨੇ ਸਾਹ ਨਾ ਲੈਣ ਦਿਤਾ ਤੇ ਉਹ ਪੇਟ ਨਾ ਭਰ ਸਕੇ । ਸਿੰਘਾਂ ਨੇ ਮਤਾ ਪਾਸ ਕੀਤਾ ਕਿ ਗੁਰੂ-ਅਸਥਾਨ ਤੇ ਖ਼ੂਨ ਖ਼ਰਾਬਾ ਨਾ ਹੋਣ ਦਿਤਾ ਜਾਵੇ । ਪਰ ਜਸਪਤ ਰਾਏ ਬਹੁਤ ਬਿਫਰਿਆ ਹੋਇਆ ਸੀ । ਉਸ ਨੇ ਰੋੜੀ ਸਾਹਿਬ ਨੂੰ ਘੇਰਾ ਪਾ ਲਿਆ ਤੇ ਆਪਣੀ ਫ਼ੌਜ, ਚਠਿਆਂ ਦੀ ਫੌਜ ਤੇ ਚੌਧਰੀਆਂ ਦੀਆਂ ਛੇੜਾਂ ਦੀ ਬੇਸ਼ੁਮਾਰ ਗਿਣਤੀ ਨੇ ਉਸ ਦਾ ਸਿਰ ਹੋਰ ਵੀ ਫੇਰ ਦਿਤਾ ਸੀ । ਉਹ ਚਾਹੁੰਦਾ ਸੀ ਕਿ ਸਾਰੇ ਸਿੰਘਾਂ ਨੂੰ ਜੀਂਦਾ ਫੜ ਕੇ ਲਾਹੌਰ ਪਹੁੰਚਾਵੇ ਤੇ ਇਸ ਤਰ੍ਹਾਂ ਆਪਣੀ ਤਾਕਤ ਦੀ ਧਾਂਕ ਬਿਠਾ ਦੇਵੇ । ਇਕੱਲਾ ਇਕ ਚੀਤਾ ਹਰਨਾਂ ਦੀ ਪੂਰੀ ਡਾਰ

* ਸਿੰਘਾਂ ਨੂੰ ਬਦਨਾਮ ਕਰਨ ਅਤੇ ਉਨ੍ਹਾਂ ਦੇ ਬਰਖ਼ਿਲਾਫ਼ ਦੀਵਾਨ ਨੂੰ ਭੜਕਾਉਣ ਲਈ ਇਹ ਬਕਰੇ ਹਿਕ ਲੈ ਜਾਣ ਵਾਲੀ ਉਜ ਘੜੀ ਤੇ ਲੋਕਾਂ ਵਿਚ ਫੈਲਾਈ ਗਈ ਜਾਪਦੀ ਹੈ । —ਸੰਪਾਦਕ



www.AKJ.Org

ਨੂੰ ਅਗੇ ਲਾ ਕੇ ਭਜਾ ਸਕਦੈ, ਪਰ ਹਰਨਾਂ ਦੀਆਂ ਡਾਰਾਂ ਦੀਆਂ ਡਾਰਾਂ ਰਲ ਕੇ ਇਕ ਚੀਤੇ ਨੂੰ ਵੀ ਨਹੀਂ ਘੇਰ ਸਕਦੀਆਂ, ਮਾਰ ਲੈਣਾ ਤਾਂ ਇਕ ਪਾਸੇ ਰਿਹਾ। ਸਿੰਘਾਂ ਦੇ ਪਾਸਾ ਕਰਨ ਨੂੰ ਉਹ ਆਪਣੀ ਤਾਕਤ ਸਮਝ ਬੈਠਾ, ਜੋ ਉਸ ਦੀ ਭੁਲ ਸੀ। ਸਿੰਘਾਂ ਉਥੋਂ ਨਿਕਲ ਜਾਣਾ ਹੀ ਚੰਗਾ ਸਮਝਿਆ। ਸੋ ਇਕ ਪਾਸੇ ਨੂੰ ਤੇਗਾਂ ਸੂਤ ਕੇ ਤੇ ਨੇਜੇ ਉਲਾਰ ਕੇ ਪੈ ਗਏ ਤੇ ਘੇਰਾ ਤੋੜ ਕੇ ਨਿਕਲ ਗਏ। ਜਸਪਤ ਰਾਏ ਦੀ ਫ਼ੌਜ ਨੇ ਉਨ੍ਹਾਂ ਨੂੰ ਰੋੜੀ ਸਾਹਿਬ ਤੋਂ ਦੂਰ ਧੱਕ ਦਿਤਾ। ਅੰਨ੍ਹੇਰਾ ਹੋ ਜਾਣ ਕਰਕੇ ਲੜਾਈ ਮਠੀ ਪੈ ਗਈ ਤੇ ਸਿੰਘ ਧਕੀਦੇ-ਧਕਾਈਦੇ ਬਦੋ-ਕੀ ਗੁਸਾਈਂ ਮਨੋਹਰ ਦਾਸ ਪਿੰਡ ਲਾਗੇ ਅੱਪੜੇ ਤੇ ਇਸ ਦੇ ਲਾਗੇ ਹੀ ਜੋ ਗੁਸਾਈਆਂ ਦੀ ਝਿੜੀ ਸੀ, ਉਸ ਵਿਚ ਸਿਰ ਜਾ ਲੁਕਾਇਆ।

ਰਾਤ ਨਿਕਲੀ, ਦਿਨ ਚੜ੍ਹਿਆ। ਸਿੰਘਾਂ ਸਮਝਿਆ ਕਿ ਜਸਪਤ ਰਾਏ ਮਗਰੋਂ ਲਹਿ ਗਿਆ ਹੋਵੇਗਾ। ਪਰ ਉਹ ਤਾਂ ਵਾੜ ਦੇ ਛਾਪੇ ਵਾਂਗ ਨਾਲ ਚਿੰਬੜਿਆ ਸੀ। ਇਸ ਸਮੇਂ ਕਣਕਾਂ ਨਿਸਰੀਆਂ ਹੋਈਆਂ ਸਨ। ਇਸ ਤੋਂ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਇਹ ਘਟਨਾ ਫਗਣ ਦੇ ਏੜ ਗੇੜ ਦੀ ਹੋਵੇਗੀ (ਜਨਵਰੀ ਫ਼ਰਵਰੀ ੧੭੪੬ ਈ:)। ਪੇਟ ਨੂੰ ਝੁਲਕਾ ਦੇਣ ਦੇ ਆਹਰ ਵਿਚ ਸਿੰਘਾਂ ਨੇ ਟਿੰਡਾਂ ਵਿਚ ਘਾਸ ਫੂਸ ਪਾ ਕੇ ਉਬਾਲਣ ਲਈ ਧਰਿਆ ਹੀ ਸੀ ਕਿ ਵੈਰੀ ਸਿਰ ਤੇ ਆ ਕੜਕਿਆ। ਮਰਦਾ ਬੰਦਾ ਕੀ ਨਹੀਂ ਕਰਦਾ। ਉਨ੍ਹਾਂ ਸੋਚਿਆ ਕਿ ਭੁਖੇ ਮਰਨ ਨਾਲੋਂ ਲੜ ਕੇ ਕਿਉਂ ਨਾ ਮਰੀਏ। ਸੋ ਟੁਟ ਕੇ ਜਸਪਤ ਰਾਏ ਦੇ ਲਸ਼ਕਰ ਉਤੇ ਜਾ ਪਏ। ਜਸਪਤ ਰਾਏ ਹਾਥੀ ਉਤੇ ਚੜ੍ਹਿਆ ਆਪਣੀ ਫੌਜ ਨੂੰ ਲਲਕਾਰਦਾ ਹੋਇਆ ਵਧਦਾ ਆ ਰਿਹਾ ਸੀ। ਪਰ ਗਾਂਢਵੀਆਂ ਧਾੜਾਂ ਨੇ ਸਿਰਲਥ ਸੂਰਮਿਆਂ ਅੱਗੇ ਕੀ ਅੜਨਾ ਹੋਇਆ। ਪਹਿਲੇ ਹਲੇ ਹੀ ਜਾਨਾਂ ਬਚਾਉਣ ਲਈ ਭਜ ਨਿਕਲੇ। ਦੀਵਾਨ ਨੂੰ ਆਪਣੀ ਜਾਨ ਦੀ ਪੈ ਗਈ। ਦੀਵਾਨ ਦੇ ਲਾਮ-ਲਸ਼ਕਰ ਨੂੰ ਭਾਜੜ ਪਈ ਵੇਖ ਕੇ ਨਿਬਾਹੂ ਸਿੰਘ ਨਾਮ ਦਾ ਇਕ ਰੰਘਰੇਟਾ ਸਿੰਘ ਪੂਛਲ ਫੜ ਕੇ ਉਸ ਦੇ ਹਾਥੀ ਤੇ ਚੜ੍ਹ ਗਿਆ ਤੇ ਤੇਗ ਦੇ ਇਕ ਹੀ ਵਾਰ ਨਾਲ ਦੀਵਾਨ ਜਸਪਤ ਰਾਏ ਦਾ ਸਿਰ ਧੜ ਨਾਲੋਂ ਅੱਡ ਕਰ ਦਿਤਾ। ਦੀਵਾਨ ਦੇ ਸ਼ਸਤਰ, ਜ਼ੇਵਰ ਤੇ ਹੋਰ ਕੀਮਤੀ ਮਾਲ-ਮਤਾ ਜੋ ਹੌਦੇ ਵਿਚ ਸੀ, ਥਲੇ ਸੁਟ ਦਿਤਾ ਤੇ ਫਿਰ ਸਿਰ ਲੈ ਕੇ ਹੇਠਾਂ ਉਤਰ ਆਇਆ।੩

ਗਨੇਸ਼ ਦਾਸ ਵਡਹਿਰਾ ਆਪਣੀ ਪੁਸਤਕ ਚਾਰ ਬਾਗ ਪੰਜਾਬ (ਫ਼ਾਰਸੀ) ਵਿਚ ਉਸ ਦਾ ਮਾਰੇ ਜਾਣਾ ਇੰਜ ਦਸਦਾ ਹੈ :—

"ਆਖ਼ਰ ਖ਼ੁਦ (ਜਸਪਤ ਰਾਏ) ਹਮ ਅਜ਼ ਦਸਤਿ ਆਂ ਜਗਾਅਤ ਮੁਤਸਿਲ ਮੌਜ਼ਿਆ ਬਦੋ-ਕੀ ਗੁਸਾਈ ਮਨੋਹਰ ਦਾਸ ਦਰ ਮੁਕਾਬਲਾ-ਇ ਸਿਖਾਂ ਜਾਨ ਕੁਰਬਾਨ ਕਰਦਾ। ਬਕੌਲਿ ਆ ਕਿ :

ਸਜਾਦ ਨਾ ਹਰ ਬਾਰ ਸ਼ਿਕਾਰੇ ਬਬੁਰਦ।
ਬਾਸ਼ਦ ਕਿ ਯਕੇ ਰੋਜ਼ ਪਲੰਗਸ਼ ਬਦੱਰਦ।" (ਸਫ਼ਾ ੧੨੪)

ਅਰਥਾਤ, "ਆਖ਼ਰ ਆਪ ਵੀ (ਜਸਪਤ ਰਾਏ) ਇਸ ਫ਼ਿਰਕੇ ਦੇ ਹਥੋਂ ਪਿੰਡ ਬੱਦੋ-ਕੀ ਗੁਸਾਈਂ ਮਨੋਹਰ ਦਾਸ ਦੇ ਲਾਗੇ ਸਿੰਘਾਂ ਦੇ ਮੁਕਾਬਲੇ ਵਿਚ ਜਾਨ ਕੁਰਬਾਨ ਕਰ ਗਿਆ। ਕਿਸੇ ਨੇ ਕਿਹਾ ਹੈ ਕਿ—

ਜ਼ਰੂਰੀ ਨਹੀਂ ਕਿ ਸ਼ਿਕਾਰੀ ਹਰ ਵਾਰ ਸ਼ਿਕਾਰ ਮਾਰ ਲਿਆਵੇ, ਸੰਭਵ ਹੈ ਕਿ ਇਕ ਦਿਨ ਚੀਤਾ ਉਸ ਨੂੰ ਪਾੜ ਸੁਟੇ।"

ਬਦੋ-ਕੀ ਗੁਸਾਈਆਂ ਦੇ ਬਾਵਾ ਕਿਰਪਾ ਰਾਮ ਦੇ ਮੰਗਣ ਤੇ ਜਸਪਤ ਰਾਏ ਦਾ ਸਿਰ ਸਿੰਘਾਂ ਨੇ ਉਸ ਨੂੰ ਦੇ ਦਿਤਾ, ਜਿਸ ਦੇ ਬਦਲੇ ਬਾਵਾ ਕਿਰਪਾ ਰਾਮ ਨੇ ਉਹਨਾਂ ਨੂੰ ੫੦੦ ਰੁਪਏ ਰਸਦ ਪਾਣੀ ਲਈ ਭੇਟ ਕੀਤਾ। ਉਸ ਨੇ ਉਸ ਦਾ ਸਸਕਾਰ ਕਰ ਦਿਤਾ। ਇੰਜ ਜਾਪਦਾ ਹੈ ਕਿ ਇਹ ਬਾਵਾ ਕਿਰਪਾ ਰਾਮ ਐਮਨਾਬਾਦ ਦੇ ਦੀਵਾਨਾਂ ਦੇ ਗੁਰੂ ਗੁਸਾਈਆਂ ਵਿਚੋਂ ਹੋਣਾ ਹੈ।

ਆਮ ਇਤਿਹਾਸਕਾਰਾਂ ਨੇ ਟੱਪਲਾ ਖਾਧਾ ਹੈ ਤੇ ਲਿਖਿਆ ਹੈ ਕਿ ਸਿੰਘਾਂ ਦੇ ਜਥੇ ਨੇ ਦੀਵਾਨ ਜਸਪਤ ਰਾਏ ਨੂੰ ਖ਼ਾਸ ਐਮਨਾਬਾਦ ਮਾਰਿਆ ਹੈ। ਇਹ ਗੱਲ ਠੀਕ ਨਹੀਂ ਹੈ। ਸੱਚ ਇਹ ਹੈ ਕਿ ਜਸਪਤ ਰਾਏ ਬੱਦੋ ਕੀ ਗੁਸਾਂਈਆਂ ਦੀ ਝਿੜੀ ਵਿਚ ਮਾਰਿਆ ਗਿਆ ਸੀ, ਜਿਥੇ ਉਸ ਦੇ ਭਰਾ ਲਖਪਤ ਰਾਏ ਨੇ ਉਸ ਦੀ ਸਮਾਧ ਬਣਵਾਈ ਹੋਈ ਹੈ।



www.AKJ.Org

ਉਸ ਦੀ ਸਮਾਧ ਤੇ ਖੂਹ ਅਜੇ ਤਕ ਕਾਇਮ ਹੈ।੪

ਹੁਣ ਸਿੰਘਾਂ ਦੇ ਜਥੇ ਨੇ ਚੰਗਾ ਮੌਕਿਆ ਹੱਥ ਲੱਗਾ ਵੇਖ ਕੇ ਧਨ ਤੇ ਦਾਣੇ ਪਠੇ ਦੀ ਥੁੜ ਪੂਰੀ ਕਰਨ ਲਈ ਐਮਨਾਬਾਦ ਵਲ ਛੂਟ ਕਰ ਦਿਤੀ ਤੇ ਸ਼ਾਹੀ ਖ਼ਜ਼ਾਨੇ ਤੇ ਅੱਨ-ਦਾਣੇ ਦੇ ਭੰਡਾਰਾਂ ਉਤੇ ਧਾਵਾ ਬੋਲ ਦਿਤਾ। ਸ਼ਹਿਰ ਵੀ ਲੁਟਿਆ ਗਿਆ। ਇਥੋਂ ਸਿੰਘਾਂ ਦੇ ਹੱਥ ਚੋਖਾ ਮਾਲ ਤੇ ਅੰਨ-ਦਾਣਾ ਆ ਗਿਆ। ਇਹ ਸਭ ਕੁਝ ਸਮੇਟ ਕੇ, ਲਾਹੌਰ ਖ਼ਬਰ ਹੋਣ ਤੋਂ ਪਹਿਲਾਂ ਹੀ, ਇਥੋਂ ਖਿਸਕ ਗਏ ਤੇ ਚੂਹੜਕਾਣੇ ਵਲ ਚਲੇ ਗਏ, ਜਿਥੋਂ ਅੱਗੇ ਫਿਰ ਰਾਵੀ ਦੀਆਂ ਝਲਾਂ ਵਿਚ ਜਾ ਵੜੇ।

## ਹਵਾਲੇ ਤੇ ਫੁਟ ਨੋਟ

**(੧) ਮੁਫ਼ਤੀ :** ਇਹ ਅਰਬੀ ਬੋਲੀ ਦਾ ਸ਼ਬਦ ਹੈ ਤੇ ਮਾਅਨੇ ਹਨ ਫ਼ਤਵਾ ਦੇਣ ਵਾਲਾ। ਦੀਨ ਅਸਲਾਮ ਦੀ ਸ਼ਰੀਅਤ ਸੰਬੰਧੀ ਕਿਸੇ ਵੀ ਮਸਲੇ ਬਾਰੇ ਸ਼ਰਈ ਫ਼ੈਸਲਾ ਜਾਂ ਹੁਕਮ ਦੇਣ ਵਾਲਾ। ਧਾਰਮਿਕ ਸਮੱਸਿਆਵਾਂ ਬਾਰੇ ਅਸਲਾਮ ਧਰਮ ਦੀ ਨਿਯਮਾਵਲੀ ਪਖੋਂ ਨਿਰਣਾ ਤੇ ਆਦੇਸ਼ ਦੇਣ ਵਾਲਾ।

ਮੁਗ਼ਲ ਹਾਕਿਮ ਸਿੰਘਾਂ ਨੂੰ ਅਸਲਾਮ ਧਰਮ ਦਾ ਦੁਸ਼ਮਣ ਕਹਿ ਕੇ ਮੁਸਲਮਾਨ ਜਨ-ਸਮੂਹ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਸਨ ਤੇ ਇਸ ਨਾਲ ਦੀਨੀ ਆਲਮਾਂ ਦੀ ਵੀ ਖ਼ੁਸ਼ਨੂਦੀ ਹਾਸਿਲ ਹੁੰਦੀ ਸੀ, ਜਿਸ ਕਾਰਨ ਇਹੋ ਜਿਹੇ ਹਾਕਿਮ ਦੀ ਬਾਦਸ਼ਾਹ ਦੀ ਦ੍ਰਿਸ਼ਟੀ ਵਿਚ ਵਿਸ਼ੇਸ਼ ਕਦਰ ਹੁੰਦੀ ਸੀ। ਹਰ ਯੁਗ ਵਿਚ ਹਕੂਮਤਾਂ ਆਪਣੇ ਵਿਧਰੋਹੀਆਂ ਨੂੰ ਖ਼ਤਮ ਕਰਨ ਲਈ ਉਹਨਾਂ ਤੇ ਉਹੋ ਜਿਹੀਆਂ ਊਜਾਂ ਤੁਹਮਤਾਂ ਜੁਰਗ ਲਾਉਂਦੀਆਂ ਆਈਆਂ ਹਨ, ਭਾਵੇਂ ਉਹ ਸਰਾਸਰ ਝੂਠ ਹੀ ਕਿਉਂ ਨਾ ਹੋਣ, ਜਿਨ੍ਹਾਂ ਕਾਰਨ ਲੋਕਾਂ ਦੀ ਨਿਗਾਹ ਵਿਚ ਵਿਧਰੋਹੀਆਂ ਨੂੰ ਬਦਨਾਮ ਕਰ ਸਕੇ ਤੇ ਉਹਨਾਂ ਨੂੰ ਖ਼ਤਮ ਕਰ ਦੇਣਾ ਜਾਇਜ਼ ਠਹਿਰਾ ਸਕੇ। ਜਨਤਾ ਦੀਆਂ ਅੱਖਾਂ ਵਿਚ ਧੂੜ ਪਾ ਕੇ, ਉਸ ਨੂੰ ਆਪਣਾ ਪੱਖੀ ਬਣਾਇਆ ਜਾ ਸਕੇ। ਹਕੂਮਤ ਭਾਵੇਂ ਕਿਡੀ ਵੀ ਮਜ਼ਬੂਤ ਕਿਉਂ ਨਾ ਹੋਵੇ, ਉਸ ਨੂੰ ਜਨਤਾ ਦਾ ਭੈ ਲੱਗਾ ਰਹਿੰਦਾ ਹੈ। ਰਿਆਇਆ ਨਾਲ ਵਿਗਾੜ ਪਾ ਕੇ ਕੋਈ ਵੀ ਰਾਜ ਬਹੁਤੀ ਦੇਰ ਤਕ ਚੱਲ ਨਹੀਂ ਸਕਦਾ।

ਮੁਗਲ ਬਾਹਰਲੇ ਹਮਲਾਵਰ ਸਨ, ਜਿਨ੍ਹਾਂ ਹਿੰਦੁਸਤਾਨ ਦੀ ਕਮਜ਼ੋਰੀ ਤੋਂ ਲਾਭ ਉਠਾ ਕੇ ਇਥੇ ਆਪਣਾ ਰਾਜ ਸਥਾਪਤ ਕਰ ਲਿਆ ਸੀ। ਰਾਜਸੀ ਜ਼ੁਲਮ ਤੇ ਲੁਟ ਦਾ ਸ਼ਿਕਾਰ ਇਥੋਂ ਦੀ ਹਿੰਦੂ ਮੁਸਲਮਾਨ ਤੇ ਸਿਖ ਜਨਤਾ ਇਕੋ ਜਿਹੀ ਹੀ ਹੋ ਰਹੀ ਸੀ। ਸਿਖ ਮੁਗ਼ਲ ਰਾਜ ਨੂੰ ਲੁਟੇਰਿਆਂ ਤੇ ਧਾੜਵੀਆਂ ਦਾ ਰਾਜ ਸਮਝਦੇ ਸਨ ਤੇ ਉਹ ਇਸ ਨੂੰ ਮੁਲਕ ਵਿਚੋਂ ਖ਼ਤਮ ਕਰਨ ਲਈ ਇਸ ਦਾ ਸ਼ਸਤਰੀ ਟਾਕਰਾ ਕਰ ਰਹੇ ਸਨ। ਹਿੰਦੂ ਵਰਗ ਮਾਨਸਿਕ ਤੌਰ ਤੇ ਬਹੁਤ ਕਮਜ਼ੋਰ ਸੀ, ਉਹ ਸਿਖਾਂ ਨਾਲ ਰਲ ਕੇ ਇਸ ਅੰਦੋਲਨ ਵਿਚ ਹਿੱਸਾ ਪਾਉਣ ਦਾ ਸਾਹਸ ਨਹੀਂ ਸਨ ਰਖਦੇ। ਉਹ ਮਾਰ ਖਾ ਕੇ ਦਿਨ-ਕਟੀ ਨੂੰ ਚੰਗਾ ਸਮਝਦੇ ਸਨ। ਮੁਸਲਮਾਨ ਜਨਤਾ ਵੀ ਭਾਵੇਂ ਬਰਾਬਰ ਦੀ ਦੁਖੀ ਸੀ, ਪਰ ਮੁਲਾਣੇ ਦੀ ਨਿਤ ਦੀ ਰੱਟ ਨੇ ਕਿ ਇਹ ਅਸਲਾਮੀ ਰਾਜ ਹੈ, ਉਹਨਾਂ ਦੀ ਸੋਚ ਨੂੰ ਜਰਜਰਾ ਕੀਤਾ ਹੋਇਆ ਸੀ। ਉਹ ਇਸ ਭਚਲੇਵੇਂ ਵਿਚ, ਜਿਸ ਦੀਆਂ ਗੰਢਾਂ ਮੁਲਾਣਾ ਰੋਜ਼ ਹੀ ਪੰਜ ਵਾਤ ਪੀਢੀਆਂ ਕਰ ਦੇਂਦਾ ਸੀ, ਮੁਗ਼ਲ ਰਾਜ ਦੇ ਖ਼ਿਲਾਫ ਭਾਵੇਂ ਕਿੰਨਾ ਹੀ ਕੁੜ੍ਹਦਾ ਸੀ, ਪਰ ਇਸ ਦਾ ਵਿਰੋਧ ਕਰਨ ਲਈ ਨਹੀਂ ਸੀ ਉਠਦਾ, ਤੇ ਨਾ ਹੀ ਵਿਰੋਧ ਕਰਨ ਵਾਲਿਆਂ ਦੇ ਨਾਲ ਰਲਦਾ ਸੀ। ਕਿਤੇ ਕਿਤੇ ਦੀਨੀ ਉਭਾਰ ਵਿਚ ਵਕਤੀ ਤੌਰ ਤੇ ਆ ਕੇ ਹੈਦਰੀ ਝੰਡੇ ਪਿਛੇ ਲੱਗ ਕੇ ਜਹਾਦ ਲਈ ਤੁਰ ਪੈਂਦਾ, ਜਿਵੇਂ ਕਿ ਬੰਦਾ ਸਿੰਘ ਦੇ ਸਮੇਂ ਹੋਇਆ। ਨਿਰਪਖ ਇਤਿਹਾਸਿਕ ਗਵਾਹੀਆਂ ਸਾਬਤ ਕਰਦੀਆਂ ਹਨ ਕਿ ਸ਼ਹਿਰਾਂ ਦੇ ਲੋਕਾਂ ਨੂੰ, ਉਹ ਵੀ ਸਾਰੇ ਨਹੀਂ, ਛਡ ਕੇ ਪੇਂਡੂ ਮੁਸਲਮਾਨ ਜਨਤਾ ਨੇ ਸਿਖ ਲਹਿਰ ਨੂੰ ਅਸਲਾਮ ਧਰਮ ਦੇ ਵਿਰੁਧ ਨਹੀਂ ਸੀ ਸਮਝਿਆ। ਮੁਗਲ ਰਾਜ ਦੇ ਡਰੋਂ ਤਾਂ ਉਹ ਸਿਖਾਂ ਦਾ ਵਿਰੋਧ ਮਾਰੀਦੇ ਕਰਦੇ ਰਹੇ ਹਨ, ਪਰ ਧਾਰਮਿਕ ਪੱਖੋਂ ਉਹਨਾਂ ਦੀ ਹੋਂਦ ਖ਼ਤਮ ਕਰ ਦੇਣ ਲਈ ਮੁਸਲਮਾਨਾਂ ਕਦੀ ਵੀ ਇਸ ਵਿਚਾਰ ਨੂੰ ਕਬੂਲਿਆ ਨਹੀਂ।

ਪਾਕਿਸਤਾਨ ਦੀ ਹੋਂਦ ਵੇਲੇ ਬਰਬਰੀਅਤ (ਵਹਿਸ਼ੀਪੁਣੇ) ਦਾ ਜੋ ਨੰਗਾ ਨਾਚ ਵੇਖਣ ਵਿਚ ਆਇਆ, ਅਤੇ ਜੋ ਹਿੰਦੁਸਤਾਨ ਦੇ ਇਤਿਹਾਸ ਵਿਚ ਇਕ ਅਮਿਟ ਕਾਲਾ ਧੱਬਾ ਬਣਿਆ ਰਹੇਗਾ, ਇਹ ਅੰਗਰੇਜ਼ ਦੀ "ਪਾੜੋ ਤੇ ਰਾਜ



www.AKJ.Org

ਕਰੋ'' ਵਾਲੀ ਨੀਤੀ ਦੀ ਦੇਣ ਹੈ। ਫਿਰਕਾ-ਪ੍ਰਸਤੀ ਤੇ ਤਅੱਸਬ ਨੂੰ ਅੰਗਰੇਜ਼ ਨੇ ਬੜੇ ਢੰਗ ਨਾਲ ਵਰਤ ਕੇ ਆਪਣੇ ਰਾਜ ਦੇ ਦਿਨ ਲੰਮੇ ਕੀਤੇ ਤੇ ਜਾਣ ਲਗਾ ਇਹੋ ਜਿਹੇ ਲਾਂਬੂ ਇਥੇ ਲਾ ਗਿਆ ਜੋ ਛੇਤੀ ਬੁਝਦੇ ਨਜ਼ਰ ਨਹੀਂ ਆਉਂਦੇ।

ਇਥੋਂ ਦੀ ਮੁਸਲਮਾਨ ਜਨਤਾ ਨੇ ਸਿਖਾਂ ਦਾ ਸਮੁਚੇ ਤੌਰ ਤੇ ਕਿਉਂ ਨਾ ਵਿਰੋਧ ਕੀਤਾ, ਇਸ ਦੇ ਸੰਬੰਧ ਵਿਚ ਚੇਤੇ ਰਖੀ ਜਾਣ ਵਾਲੀ ਸਭ ਤੋਂ ਵਡੀ ਅਸਲੀਅਤ ਇਹ ਵੀ ਹੈ ਕਿ ਸਿਖ ਧਰਮ, ਅਸਲਾਮ ਤਾਂ ਇਕ ਪਾਸੇ ਰਿਹਾ, ਦੁਨੀਆ ਭਰ ਦੇ ਕਿਸੇ ਧਰਮ ਦਾ ਵੀ ਵਿਰੋਧੀ ਨਹੀਂ ਹੈ। ਇਸ ਦੀ ਜ਼ਿੰਦਗੀ ਕਿਸੇ ਦੀ ਮੌਤ ਤੇ ਨਿਰਭਰ ਨਹੀਂ ਹੈ। ਸਿਖ ਆਪਣੇ ਦੇਸ਼, ਧਰਮ, ਆਜ਼ਾਦੀ ਤੇ ਅਣਖ ਦੀ ਜ਼ਿੰਦਗੀ ਜੀਉਣ ਖ਼ਾਤਰ ਸਦਾ ਤਿਆਰ-ਬਰ-ਤਿਆਰ ਰਹੇ ਹਨ। ਮੁਗਲ ਹਾਕਿਮਾਂ ਨੇ ਆਪਣੇ ਸੌੜੇ ਹਿਤ ਦੀ ਖ਼ਾਤਰ ਉਹਨਾਂ ਨੂੰ ਅਸਲਾਮ ਦਾ ਵਿਰੋਧੀ ਬਣਾ ਕੇ ਪ੍ਰਚਾਰਿਆ ਤੇ ਆਪਣੇ ਰਾਜਸੀ ਹਿਤਾਂ ਲਈ ਉਹਨਾਂ ਉਤੇ ਜੋ ਸਖ਼ਤੀ ਕੀਤੀ ਹੈ, ਇਤਿਹਾਸ ਵਿਚ ਉਸ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਸਿਖਾਂ ਨੇ ਮੁਸਲਮਾਨਾਂ, ਖ਼ਾਸ ਕਰ ਮੁਗਲ ਬਾਦਸ਼ਾਹਾਂ ਦਾ ਵਿਰੋਧ ਤਾਂ ਜ਼ਰੂਰ ਕੀਤਾ ਅਤੇ ਇਸ ਟੱਕਰ ਵਿਚ ਬੜੇ ਬੜੇ ਮਾਅਰਕੇ ਵੀ ਸਰ ਕੀਤੇ, ਦੁਵੱਲੀ ਘਾਣ ਲਥਦੇ ਰਹੇ, ਪਰ ਕਿਧਰੇ ਕੋਈ ਐਸੀ ਘਟਨਾ ਮਿਸਾਲ ਵਜੋਂ ਨਹੀਂ ਮਿਲਦੀ, ਜਿਥੇ ਸਿਖਾਂ ਨੇ ਮੁਸਲਮਾਨੀ ਧਰਮ ਦੀ ਵਿਰੋਧਤਾ ਕੀਤੀ ਹੋਵੇ ਜਾਂ ਮੁਸਲਮਾਨਾਂ ਨੂੰ ਇਸ ਲਈ ਮਾਰਿਆ ਗਿਆ ਹੋਵੇ ਕਿ ਉਹ ਮੁਸਲਮਾਨ ਹਨ। ਮਿਸਲਾਂ ਦੇ ਸਮੇਂ ਸਰਕਾਰ-ਪੱਖੀ ਮੁਖਬਰਾਂ, ਚੁਗਲਾਂ ਤੇ ਚੌਧਰੀਆਂ ਨੂੰ ਜ਼ਰੂਰ ਮਾਰਿਆ ਗਿਆ, ਪਰ ਉਹਨਾਂ ਵਿਚ ਹਿੰਦੂ ਮੁਸਲਮਾਨਾਂ ਨਾਲੋਂ ਬਹੁਤੇ ਮਾਰੇ ਗਏ। ਰਾਮਾ ਰੰਧਾਵਾ, ਕਰਮਾ ਛੀਨਾ, ਚੈਂਚਲ ਸੰਧੂ, ਹਰਭਗਤ ਜੰਡਿਆਲੀਆ, ਸਾਹਿਬ ਰਾਏ ਨੌਸ਼ਹਿਰਾ ਵਾਲਾ, ਧਰਮ ਦਾਸ ਤੋਪੀ ਜੋਧਾ ਨਗਰੀਆ ਤੇ ਮਜੀਠੇ ਦੇ ਗਿਲ ਜੱਟ ਆਦਿ ਮਿਸਾਲਾਂ ਸਾਹਮਣੇ ਹਨ। ਮੁਸਲਮਾਨ ਤੇ ਸਿਖ ਦੀ, ਦੂਜਿਆਂ ਵਾਂਗ ਹੀ ਕੋਈ ਆਪਸੀ ਧਾਰਮਿਕ ਵਿਰੋਧਤਾ ਨਹੀਂ ਹੈ।

ਧਾਰਮਿਕ ਦ੍ਰਿਸ਼ਟੀਕੋਣ ਤੋਂ ਮੁਸਲਮਾਨ ਸਿਖਾਂ ਦੇ ਸਗੋਂ ਕਾਫ਼ੀ ਨੇੜੇ ਹਨ। ਜੇ ਮੁਸਲਮਾਨਾਂ ਨਾਲ ਧਰਮ ਪਖੋਂ ਕੋਈ ਦੁਸ਼ਮਣੀ ਵਾਲੀ ਗੱਲ ਹੁੰਦੀ ਤਾਂ ਜਦ ਮੁਗਲ ਰਾਜ ਦੀ ਸਫ਼ ਵਲ੍ਹੇਟੀ ਗਈ ਸੀ ਅਤੇ ਦੁਰਾਨੀਆਂ ਨੂੰ ਮਾਰ ਕੇ ਮੁਲਕੋਂ ਬਾਹਰ ਕੱਢ ਦਿਤਾ ਗਿਆ ਸੀ ਤਾਂ ਉਸ ਵੇਲੇ ਸਿਖਾਂ ਪਾਸ ਮੌਕਿਆ ਤੇ ਬਲ ਸੀ, ਜਿਸ ਨਾਲ ਆਪਣੀਆਂ ਉਹਨਾਂ ਕਤਲਾਮਾਂ ਦਾ, ਜੋ ਬਹਾਦਰ ਸ਼ਾਹ ਦੇ ਵੇਲੇ ਤੋਂ ਹੁੰਦੀਆਂ ਆ ਰਹੀਆਂ ਸਨ, ਸਾਰੀਆਂ ਦਾ ਇਕੋ ਵਾਰ ਹੀ ਬਦਲਾ ਲੈ ਲੈਂਦੇ। ਉਸ ਵੇਲੇ ਸਾਰੀ ਮੁਸਲਮਾਨ ਜਨਤਾ ਸਿਖਾਂ ਦੇ ਰਹਿਮ ਤੇ ਸੀ। ਮਝਾਂ ਦਾ ਵੈਰ ਕੱਟਿਆਂ ਤੋਂ ਲੈਣਾ ਸਿਖ ਧਰਮ ਦੀ ਸਿਖਿਆ ਨਹੀਂ ਹੈ। ਮੁਗਲਾਂ ਦੀ ਵਧੀਕੀ ਦਾ ਬਦਲਾ ਮੁਸਲਮਾਨ ਜਨਤਾ ਪਾਸੋਂ? ਇਹ ਕਿਥੋਂ ਦਾ ਨਿਆਂ ਤੇ ਅਸੂਲ ਸੀ? ਐਸਾ ਕਦਾਚਿਤ ਨਹੀਂ ਹੋ ਸਕਦਾ।

ਜੇ ਬਘੇਲ ਸਿੰਘ ੧੭੮੯ ਵਿਚ ਦਿਲੀ ਫ਼ਤਹ ਕਰ ਲੈਣ ਤੋਂ ਪਿਛੋਂ, ਦਿਲੀ ਵਿਚ ਮੁਸਲਮਾਨਾਂ ਦੀ ਕਤਲਿ ਆਮ ਕਰਵਾਉਣਾ ਚਾਹੁੰਦਾ ਤਾਂ ਉਸ ਨੂੰ ਉਥੇ ਡੱਕਣ ਵਾਲਾ ਕੌਣ ਸੀ। ਤੇ ਫਿਰ ਸ਼ਾਇਦ ਇਹ ਕਤਲਿ ਆਮ ਤੈਮੂਰ, ਬਾਬਰ,ਨਾਦਰ,ਅਹਿਮਦ ਸ਼ਾਹ ਵਲੋਂ ਕਰਾਈਆਂ ਕਤਲਾਮਾਂ ਨਾਲੋਂ ਵੀ ਭਿਆਨਕ ਹੁੰਦੀ। ਤੇ ਦਿਲੀ ਕੀ,ਹਿੰਦੁਸਤਾਨ ਦਾ ਇਤਿਹਾਸ ਹੀ ਬਦਲ ਜਾਂਦਾ। ਮਹਾਰਾਜਾ ਰਣਜੀਤ ਸਿੰਘ ਕੀ ਨਹੀਂ ਸੀ ਕਰ ਸਕਦਾ? ਪਰ ਵੇਖਣ ਵਾਲੀ ਗੱਲ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ ਇਹੋ ਜਿਹਾ ਮੰਦਭਾਗਾ ਉਭਾਰ ਨਹੀਂ ਦੇਂਦੀ। ਸ਼ੇਰੇ ਪੰਜਾਬ ਨੇ ਤਾਂ ਮੁਸਲਮਾਨਾਂ ਨੂੰ ਹਿੰਦੂਆਂ ਸਿਖਾਂ ਜਿੰਨਾ ਹੀ ਸਰਕਾਰ ਖਾਲਸਾ ਵਿਚ ਹਿੱਸੇਦਾਰ ਬਣਾਇਆਂ ਸੀ।

ਅੰਗਰੇਜ਼ ਦਾ ਪੰਜਾਬ ਉਤੇ ੯੭ ਸਾਲ ਰਾਜ ਰਿਹਾ ਹੈ। ਅੰਗਰੇਜ਼ ਨੂੰ ਸਿਖਾਂ ਨੇ ਚੈਨ ਦੀ ਨੀਂਦ ਨਹੀਂ ਸੌਣ ਦਿਤਾ। ਇਕ ਸਦੀ ਉਸ ਦੇ ਖ਼ਿਲਾਫ਼ ਬੜੀ ਸਖ਼ਤ ਲੜਾਈ ਲੜੀ ਹੈ। ਇੰਡੀਅਨ ਆਰਕਾਈਵਜ਼ ਤੇ ਬ੍ਰਿਟਿਸ਼ ਮਿਊਜ਼ਿਅਮ ਲਾਇਬਰੇਰੀ ਆਫ਼ ਲੰਡਨ ਦੇ ਸ਼ੈਲਫ ਇਹਨਾਂ ਹਾਲਾਤ ਤੇ ਲੜਾਈ ਦੇ ਵੇਰਵਿਆਂ ਨਾਲ ਭਰੇ ਪਏ ਹਨ। ਅੰਗਰੇਜ਼ ਈਸਾਈ ਧਰਮ ਨੂੰ ਮੰਨਣ ਵਾਲਾ ਹੈ। ਉਸ ਦੇ ਆਪਣੇ ਲਿਖਾਰੀ ਇਕ ਵੀ ਮਿਸਾਲ ਨਹੀਂ ਪੇਸ਼ ਕਰ ਸਕਦੇ, ਜਿਸ ਵਿਚ ਸਿਖਾਂ ਨੇ ਈਸਾਈਆਂ ਜਾਂ ਈਸਾਈਅਤ ਉਤੇ ਹਮਲਾ ਕੀਤਾ ਹੋਵੇ। ਉਂਜ ਭਾਵੇਂ ਈਸਾਈ



www.AKJ.Org

ਮਿਸ਼ਨਰੀ ਪਾਦਰੀ ਅੰਗਰੇਜ਼ ਹਕੂਮਤ ਦੀ ਸ਼ਹਿ ਤੇ ਬਹੁਤ ਮਾੜੀਆਂ ਹਰਕਤਾਂ ਕਰਦੇ ਰਹੇ ਸਨ ।

ਪਿਛੋਂ ਸ਼ਰਧਾ ਰਾਮ ਫਿਲੌਰੀ ਤੇ ਦਯਾਨੰਦ ਦਾ ਸਿਖ ਧਰਮ ਬਾਰੇ ਰਵੱਈਆ ਗੁਮਰਾਹੀ ਤੇ ਆਧਰਤ ਹੋਣ ਕਾਰਨ ਬੜਾ ਮੰਦਭਾਗਾ ਤੇ ਨਿੰਦਣ ਯੋਗ ਰਿਹਾ ਹੈ । ਪਰ ਕਦੀ ਕਿਸੇ ਬ੍ਰਾਹਮਣ ਨੂੰ ਵਿਸ਼ੇਸ਼ ਕਰਕੇ ਜਾਂ ਹਿੰਦੂ ਨੂੰ ਆਮ ਕਰਕੇ ਦੁਸ਼ਮਣ ਗਰਦਾਨ ਕੇ ਨੁਕਸਾਨ ਨਹੀਂ ਪਹੁੰਚਾਇਆ । ਜਦ ਕਦੀ ਨਿਰਪੱਖ ਵਿਦਵਾਨ ਬੈਠ ਕੇ ਨਿਰਣਾ ਕਰਨਗੇ ਤਾਂ ਪੰਜਾਬ ਦੀ ਅਜੋਕੀ ਮੰਦਭਾਗੀ ਸਥਿਤੀ ਦਾ ਇਕ ਵਡਾ ਕਾਰਨ ਇਹ ਦੋ ਭਦਰ ਪੁਰਸ਼ ਹੀ ਮੰਨੇ ਜਾਣਗੇ ।

—ਸਵਰਨ ਸਿੰਘ

**ਕਾਜ਼ੀ** : ਰਾਜਸੀ ਤੇ ਹੋਰ ਦੁਨਿਆਵੀ ਝਗੜਿਆਂ ਕਜ਼ੀਆਂ ਦੇ ਫ਼ੈਸਲੇ ਕਰਨ ਵਾਲਾ । ਕਜ਼ੀਆ, ਭਾਵ ਝਗੜਾ ਨਿਪਟਾਉਣ ਵਾਲਾ ਕਾਜ਼ੀ ਅਖਵਾਉਂਦਾ ਹੈ । ਕਾਜ਼ੀ ਜੱਜ ਦੇ ਬਰਾਬਰ ਹੈ ।

(੨) ਡਾ: ਗੋਕਲ ਚੰਦ ਨਾਰੰਗ—ਟ੍ਰਾਂਸਫ਼ਾਰਮੇਸ਼ਨ ਆਫ਼ ਸਿਖਇਜ਼ਮ, ਸਫ਼ਾ ੧੨੨

(੩) ਮੁਫ਼ਤੀ ਅਲੀਉੱਦੀਨ ਲਾਹੌਰ—ਇਬਰਤ ਨਾਮਾ, ਸਫ਼ਾ ੧੦੫ ੳ—ਅ, ਸ: ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼, ਸਫ਼ਾ ੩੭੪, ਗਿਆਨੀ ਗਿਆਨ ਸਿੰਘ—ਪੰਥ ਪ੍ਰਕਾਸ਼, ਸਫ਼ਾ ੬੬੫—੬੬, ਖੁਸ਼ਵਕਤ ਰਾਏ—ਕਿਤਾਬਿ ਤਾਰੀਖ਼-ਏ-ਪੰਜਾਬ, ਸਫ਼ਾ ੭੪, ਡਾ:ਹਰੀ ਰਾਮ ਗੁਪਤਾ—ਹਿਸਟਰੀ ਆਫ਼ ਦੀ ਸਿਖਸ ਭਾਗ ਦੂਜਾ, ਸਫ਼ਾ ੭੪ ।

(੪) ਪਾਕਿਸਤਾਨ ਬਣ ਜਾਣ ਪਿਛੋਂ ਝਿੜੀ ਦਾ ਨਕਸ਼ਾ ਪਹਿਲਾਂ ਵਾਲਾ ਨਹੀਂ ਰਿਹਾ, ਕਾਫ਼ੀ ਬਦਲ ਚੁਕਿਆ ਹੈ । ਪਰ ਸਮਾਧ ਤੇ ਖੂਹ ਵਾਲੀ ਯਾਦਗਾਰ ਇਨ-ਬਿਨ ਮੌਜੂਦ ਹੈ । ਸਾਂਭ ਨਾ ਹੋਣ ਕਰਕੇ ਹਾਲਤ ਕਾਫ਼ੀ ਖ਼ਰਾਬ ਹੋ ਚੁਕੀ ਹੈ ।

---

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਵਲੋਂ ਇਸ ਮਹੀਨੇ ਹੇਠ ਲਿਖੇ ਅਨੁਸਾਰ ਰਕਮਾਂ ਪੁਜੀਆਂ ਹਨ—

| | | | |
|---|---|---|---|
| ਖਾਲਸਾ ਫ਼ੈਨਸੀ ਸਟੋਰ, ਆਦਮਪੁਰ (ਜਲੰਧਰ) | ੧੦੦-੦੦ | ਸ: ਬਲਦੇਵ ਸਿੰਘ ਸੈਨੀ, ਸਲੋਅ ਯੂ. ਕੇ. | ੧੮੩੫-੦੦ |
| ਗੁਪਤ, ਖੰਨਾ | ੨੫-੦੦ | ਸ: ਗੁਰਨਾਮ ਸਿੰਘ, ਰੈਡਿੰਗ ਯੂ. ਕੇ. | ੪੦੫੨-੪੦ |
| ਭਾਈ ਅਮਰਜੀਤ ਸਿੰਘ ਊਧਮ ਸਿੰਘ ਨਗਰ Asr, | ੧੦੧-੦੦ | Hav. Clk ਧਰਮ ਸਿੰਘ, ਜਬਲਪੁਰ | ੧੦੦-੦੦ |
| ,, ,, ,, (ਸਮਾਗਮ ਚੜ੍ਹਾਵਾ) | ੧੫੮-੦੦ | ਸ: ਪ੍ਰਿਤਪਾਲ ਸਿੰਘ ਖਾ: ਫ਼ੈ: ਸਟੋਰ, ਆਦਮਪੁਰ | ੧੦੦-੦੦ |
| ਗੁਪਤ | ੧੦੦-੦੦ | ਸ: ਬਲਵੰਤ ਸਿੰਘ, ਬਠਿੰਡਾ | ੨੦੦-੦੦ |
| ਡਾ: ਸੁਰਿੰਦਰ ਸਿੰਘ, ਫਤਹਗੜ੍ਹ ਯੂ. ਪੀ. | ੫੧-੦੦ | ਸ: ਹਰਮਿੰਦਰ ਸਿੰਘ, ਬਾਰਾਬੰਕੀ ਯੂ. ਪੀ. | ੫੧-੦੦ |
| ਸ੍ਰੀਮਤੀ ਬੀਬੀ ਕਰਤਾਰ ਕੌਰ,ਵਿਜੈ ਨਗਰ,ਅੰਮ੍ਰਿਤਸਰ | ੫੦੦-੦੦ | ਗੁਪਤ | ੫੦-੦੦ |
| ਸਾਰਜੈਂਟ ਤੇਜਿੰਦਰ ਸਿੰਘ, ਕਾਨਪੁਰ | ੧੦੦-੦੦ | ਗੁਪਤ | ੧੦੦-੦੦ |
| ਸ: ਅਤਰ ਸਿੰਘ, ਨਵੀਂ ਦਿਲੀ-੧੮ | ੨੩੯-੦੦ | ਸ: ਇੰਦਰਪਾਲ ਸਿੰਘ, ਚੰਡੀਗੜ੍ਹ | ੫੦-੦੦ |
| ਸ: ਦਿਆਲ ਸਿੰਘ, ਸਾਥਊਹਾਲ ਯੂ. ਕੇ. | ੬੨੬-੬੨ | ਸ: ਗੁਰਬਚਨ ਸਿੰਘ, ਹੁਸ਼ਿਆਰਪੁਰ | ੩੦੦-੦੦ |
| ਸ: ਸੋਹਣ ਸਿੰਘ, ਅੰਮ੍ਰਿਤਸਰ (ਸਮਾਗਮ ਤੇ) | ੨੧-੦੦ | ਸ: ਦੀਪ ਸਿੰਘ, ਸਰਾਜਗੰਜ ਜਲੰਧਰ | ੨੦੦-੦੦ |
| Sgt ਜਸਵੰਤ ਸਿੰਘ, ਕਾਨਪੁਰ (ਪਿਤਾ ਜੀ ਨਮਿਤ) | ੫੨-੦੦ | ਸ: ਰਾਜਿੰਦਰਪਾਲ ਸਿੰਘ, ਖ਼ਾਨਪੁਰ (ਹੁਸ਼ਿਆਰਪੁਰ) | ੧੦੧-੦੦ |
| ਕਾਕਾ ਪਰਦੀਪ ਸਿੰਘ ਸਪੁਤਰ ਸ: ਗੁਰਦੇਵ ਸਿੰਘ | | ਭਾ: ਜਗਤਾਰ ਸਿੰਘ ਮੁੰਦਰਾ, ਡਰਬੀ ਯੂ. ਕੇ. | ੧੬੩੫-੦੦ |
| ਲਿਸਟਰ ਯੂ. ਕੇ. | ੬੮੮੦-੨੫ | ਸ: ਕੀਮਤ ਸਿੰਘ, ਗਾਂਧੀ ਧਾਮ, ਕਛ | ੨੦੦-੦੦ |
| ਗੁਰਦਵਾਰਾ ਸਾਹਿਬ ਗ੍ਰੇਵਜੈਂਡ ਯੂ. ਕੇ. | | ਸ: ਰਣਜੀਤ ਸਿੰਘ ਸੰਧੂ ਚਕ ਚਰਨ ਸਿੰਘ ਕਪੂਰਾ | ੧੦੦-੦੦ |
| (ਰੈਣ ਸਬਾਈ ਕੀਰਤਨ ਸਮੇਂ ਸੰਗਤਾਂ ਵਲੋਂ) | ੨੪੫੮-੯੦ | ਸ੍ਰੀਮਤੀ ਪਰਮਜੀਤ ਕੌਰ, ਕਾਨਪੁਰ | ੧੮੦-੦੦ |

## ਪੀੜਤ ਪਰਵਾਰਾਂ ਨੂੰ ਸਹਾਇਤਾ

| | |
|---|---|
| ਬੀਬੀ ਜਸਵੰਤ ਕੌਰ ਸੁਪਤਨੀ ਭਾਈ ਜੋਗਿੰਦਰ ਸਿੰਘ ਪਿੰਡ ਅਖਾੜਾ (ਲੁਧਿਆਣਾ) ਨੂੰ ਮਾਸਕ ਸਹਾਇਤਾ | ੩੦੦-੦੦ |
| ਬੀਬੀ ਗੁਰਮੀਤ ਕੌਰ ਸੁਪਤਨੀ ਸ: ਸੁਲੱਖਣ ਸਿੰਘ ਨਰੈਣਗੜ੍ਹ (ਅੰਮ੍ਰਿਤਸਰ) ਬੱਚੀ ਦੇ ਅਨੰਦ ਲਈ | ੧੦,੦੦੦-੦੦ |
| ਸ: ਪ੍ਰੇਮ ਸਿੰਘ, ਗੁਰੂ ਤੇਗ ਬਹਾਦਰ ਮਾਰਕੀਟ ਪਟਿਆਲਾ ਨੂੰ ਥ੍ਰੀ-ਵੀਲਰ ਲਈ ਭੇਜੇ ਗਏ | ੧੦,੦੦੦-੦੦ |

ਖ਼ਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਸ੍ਰੀ ਅੰਮ੍ਰਿਤਸਰ



www.AKJ.Org

# ਚਹੁੰਆਂ ਜੁਗਾਂ ਦਾ ਨਿਬੇੜਾ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

...ਨਾਮ ਨਿਧਾਨੀ ਬਰਕਤਾਂ ਵਾਲਾ ਪਰਧਾਨ ਗੁਰਮਤਿ ਕਰਮ, ਇਕ ਸਰਬੋਤਮ ਕਰਮ ਹੈ, ਜਿਸ ਦੀ ਪਰਧਾਨਤਾ ਸਾਰੇ ਹੀ ਚਾਰੇ ਜੁਗਾਂ ਵਿਚ ਮੰਨੀ-ਪ੍ਰਮੰਨੀ ਗਈ ਹੈ। ਨਰ ਪ੍ਰਾਣੀਆਂ ਦੇ ਜੁਗਾਂ ਜੁਗਾਂਤਰੀ ਕੀਤੇ ਕਰਮਾਂ ਦਾ ਨਿਬੇੜਾ ਹੁਣ ਇਸ ਕਲਜੁਗ ਅੰਦਰ ਹੋਣਾ ਹੈ। ਹੋਣ ਵਾਲਾ ਹੀ ਹੈ। ਨਾਮ ਨਿਧਾਨੀ ਗੁਰਮੁਖ ਪਰਧਾਨ ਕਰਮ ਵਾਲਿਆਂ ਦੀ ਹੀ ਹਰੇਕ ਕਰਮ ਛੇਤਰ ਅੰਦਰ ਜੈ-ਬਿਜੈ ਹੋਣੀ ਹੈ। ਹਰ ਮੈਦਾਨ ਫਤਹ ਹੋਣੀ ਹੈ। ਜਿਸ ਜਿਸ ਨੂੰ ਭੀ ਇਹ ਨਾਮ-ਨਿਧਾਨੁ ਮਿਲ ਗਿਆ, ਉਸੇ ਦੀ ਹੀ ਹਰੇਕ ਕਰਮ ਛੇਤਰ ਵਿਚ ਕਾਮਯਾਬੀ ਹੋਵੇਗੀ। ਆਚਾਰ ਬਿਉਹਾਰੀ ਅਰਥ-ਪਰਮਾਰਥੀ ਸਮਾਜਸੀ ਰਾਜਸੀ ਮੈਦਾਨ ਵਿਚ ਓੜਕ ਜੈ-ਬਿਜਈ ਸਿਹਰਾ ਨਾਮ-ਨਿਸ਼ਾਨਿਆਂ ਨੂੰ ਹੀ ਮਿਲਣਾ ਹੈ।

ਖਾਲਸਾ ਕੌਮ ਨਾਮ ਨਿਧਾਨੀ ਕਰਮ ਪਰਧਾਨੀ ਗੁਰਮੁਖਾਂ ਦੀ ਹੀ ਹੈ। ਤੇਜ ਪਰਤਾਪ ਸਾਰਾ ਨਾਮ ਨਿਧਾਨ ਦੀ ਬਰਕਤ ਕਮਾਈਆਂ ਵਿਚ ਹੀ ਹੈ। ਨਾਮ ਦੀ ਬਰਕਤ ਕਮਾਈ ਵਾਲੇ ਖਾਲਸਾ ਜਨ ਓਹ ਹਨ ਜਿਨ੍ਹਾਂ ਨੇ ਜਾਗਤ ਜੋਤਿ ਨੂੰ ਨਿਸ-ਬਾਸਰ ਜਪ ਕੇ ਪੂਰਨ ਜੋਤਿ ਨੂੰ ਆਪਣੇ ਘਟਾਂ ਵਿਚ ਜਗਾ ਲਿਆ ਹੈ।

ਤਾਂ ਤੇ ਚੌਹ ਜੁਗਾਂ ਦਾ ਨਿਬੇੜਾ ਹੋਣਾ ਹੁਣ ਅਤਿ ਨੇੜੇ ਹੈ, ਕਸਰ ਹੈ ਤਾਂ ਘਟ-ਜੋਤਿ-ਜਗੰਤਰੇ ਗੁਰਮੁਖ ਜਨਾਂ ਨੂੰ ਪੰਥ ਅੰਦਰ ਪਰਗਟ ਰੂਪ ਵਿਚ ਪਰਧਾਨਤਾ ਮਿਲਣ ਦੀ ਹੈ।

ਮਲੇਛ ਰਾਜ ਦੇ ਸਦੀਆਂ ਬਧੇ ਉਲਟ ਪ੍ਰਭਾਵ ਪੈਣ ਕਰਕੇ ਅਤੇ ਮਲੇਛੀ ਹਕੂਮਤ ਦੀ ਗ਼ੁਲਾਮੀ ਕਰਨ ਕਰਕੇ, ਇਸ ਮਲੇਛੀ ਹਕੂਮਤ ਦੀ ਗ਼ੁਲਾਮੀ ਕਰਨਹਾਰੇ ਸਿਖ ਸ਼ਕਲ ਦੇ ਗ਼ੁਲਾਮਾਂ ਅੰਦਰ ਮਲੇਛਤਾ ਛਾ ਗਈ ਹੈ। ਮਲੇਛਤਾ ਘਰ ਕਰ ਗਈ ਹੈ। ਜਿਸ ਕਰਕੇ ਖਾਲਸਈ ਤੱਤ ਓਹਨਾਂ ਵਿਚ ਨਹੀਂ ਰਹਿਆ। ਮਲੇਛਤਾ ਦਾ ਮਿਲਗੋਭਾ-ਪਣ ਵਰਤ ਗਿਆ। ਇਹ ਮਲੇਛੀ ਮਿਲਗੋਭਾ-ਪਣ-ਅੰਸੀਏ, ਦੇਖਣ ਪਾਖਣ ਨੂੰ ਸਿਖ ਦਿਸਣ ਵਾਲੇ ਮਾਣੂ ਸਿਖ ਮਲੇਛ ਬਣ ਗਏ ਹਨ, ਜਿਨ੍ਹਾਂ ਦੇ ਕਰਮ ਧਰਮ, ਚੱਜ ਆਚਾਰ ਸਭ ਮਲੇਛਾਂ ਵਾਲੇ ਹੀ ਹਨ। ਸਿਰਫ਼ ਬੁਰਕਾ ਹੀ ਬੁਰਕਾ ਸਿੱਖੀ ਦਾ ਹੈ। ਨਾਮ ਨਿਧਾਨ ਇਨ੍ਹਾਂ ਦੇ ਨੇੜੇ ਨਹੀਂ। ਨਾਮ ਨਿਧਾਨੀ ਪਰਧਾਨ ਕਮਾਈਆਂ ਤਾਂ ਓਹਨਾਂ ਤੋਂ ਕੀ ਹੋਣੀਆਂ ਸਨ। ਅਹੰਮਤ ਮਤਸਰੀ ਬਣੇ ਹੋਏ ਆਪਣੀ ਕੌਮ ਦੇ ਅੰਗਾਂ ਨੂੰ ਹੀ ਵਢ ਵਢ ਖਾ ਰਹੇ ਹਨ। ਇਕ ਦੂਜੇ ਦੇ ਵੈਰੀ ਹੋ ਗਏ ਹਨ। ਖਾਲਸਈ ਗ਼ੈਰਤ ਅਣਖ ਤਿਨ੍ਹਾਂ ਦੇ ਅੰਦਰ ਰਾਈ ਮਾਤਰ ਭੀ ਨਹੀਂ ਰਹੀ। ਨਿਪੁੰਸਕ ਆਨਮਤੀ ਹਕੂਮਤ ਦੀ ਚਾਕਰੀ ਗ਼ੁਲਾਮੀ ਕਰਨਾ ਬੜਾ ਭਾਰੀ ਫ਼ਖ਼ਰ ਸਮਝਦੇ ਹਨ। ਪੰਥ ਵਿਚ ਫੋਕੀ ਚੌਧਰਤਾ ਹੀ ਭਾਲਦੇ ਹਨ।

ਪੰਥ ਅੰਦਰ ਇਹ ਜੋ ਫੋਕਟ ਚੌਧਰਤਾ ਦੇ ਧੜੇ ਬਣ ਰਹੇ ਹਨ, ਇਹ ਸਭ ਏਸ ਕਰਕੇ ਹਨ ਕਿ ਏਹਨਾਂ ਅੰਦਰ ਮਹਾਂ ਮਲੇਛਤਾ ਛਾਈ ਹੋਈ ਹੈ, ਜੋ ਮਿਟਾਈ ਮਿਟਦੀ ਨਹੀਂ। ਖ਼ੁਦ ਮਿਟ ਜਾਣਗੇ ਤਾਂ ਮਿਟੇਗੀ, ਪੰਥ ਵਿਚੋਂ ਇਹ ਮਲੇਛ ਅੰਸ ਖੈ ਹੋ ਜਾਵੇਗੀ। ਅਤੇ ਨਿਰੋਲ ਖਾਲਸਈ ਰੂਹਾਂ, ਤੱਤ ਨਾਮ ਨਿਧਾਨੀ ਰੂਹਾਂ ਨਿਖਰ ਅਤੇ ਨਿੱਤਰ ਆਉਣਗੀਆਂ। ਅਜਿਹੀਆਂ ਰੂਹਾਂ ਦੇ ਪੁੰਜਾਂ ਦੇ ਪੁੰਜ ਪੈਦਾ ਹੋ ਜਾਣਗੇ, ਜੋ ਦਬਾ-ਦਬ ਗੁਰੂ ਨੇਤ ਅਨੁਸਾਰ ਪੈਦਾ ਹੋ ਰਹੇ ਹਨ, ਅਤੇ ਪੈਦਾ ਹੁੰਦੇ ਚਲੇ ਜਾ ਰਹੇ ਹਨ। ਫੇਰ ਖਾਲਸੇ ਦਾ ਹਲੇਮੀ ਰਾਜ ਸੰਸਾਰ ਅੰਦਰ ਵਰਤੇਗਾ। ਓੜਕ ਨਾਮ-ਨਿਧਾਨੀਆਂ ਦੀ ਹੀ ਹਰ ਮੈਦਾਨ ਫ਼ਤਹ ਹੋਣੀ ਹੈ।

ਨਾਮ-ਨਿਧਾਨੀ ਕਮਾਈ ਵਾਲੇ ਪੰਜਾਂ ਦੇ ਹਥਿ ਜਦੋਂ ਪੰਥ ਦੀ ਡੋਰ ਆਵੇਗੀ ਤਦੋਂ ਇਹ ਮਲੇਛੀ ਅੰਸ ਖਾਲਸਾ ਕੌਮ ਵਿਚੋਂ ਆਪੇ ਖੈ ਹੋ ਜਾਵੇਗੀ।* "ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ" (੬੭੦) ਗੁਰਵਾਕ ਦੇ ਭਾਵ ਅਨੁਸਾਰ ਖਾਲਸਾ ਕੌਮ ਸੱਚੇ ਸੂਰਮਿਆਂ ਸੂਰਬੀਰਾਂ ਦੀ ਕੌਮ ਹੈ। ਅਤੇ ਪਰਧਾਨ ਕਰਮੀ ਗੁਰਮੁਖ

* ਪੁਰਾਣੀਆਂ ਸਾਖੀਆਂ ਵਿਚ ਇਹ ਬਚਨ ਆਉਂਦੇ ਹਨ—

ਮਲੇਛ ਖਾਲਸਾ ਹੋਸੀ ਨਾਸ।। ਸੰਤ ਖਾਲਸ ਹੋਸੀ ਪ੍ਰਕਾਸ਼॥



www.AKJ.Org

ਜਨ ਖਾਲਸਾ ਕੌਮ ਅੰਦਰ ਹੀ ਵਿਦਮਾਨ ਹਨ। ਅਤੇ ਦੂਜੀ ਕੋਈ ਸੂਰਤ ਹੀ ਨਹੀਂ ਜਿਸ ਕਰਕੇ ਕਿ ਸਾਰੇ ਸੰਸਾਰ ਦੇ ਮਜ਼ਲੂਮਾਂ ਉਤੇ ਜ਼ੁਲਮ ਹੋਣੇ ਹਟ ਜਾਣ। ਚੌਹਾਂ ਜੁਗਾਂ ਦਾ ਨਿਬੇੜਾ ਇਸ ਬਿਧਿ ਹੀ ਹੋਵੇਗਾ, ਜਦ ਨਾਮ-ਰਸੀਏ ਸਿੰਘ ਖੁੰਬਾਂ ਵਾਂਗੂ ਖਾਲਸਾ ਕੌਮ ਅੰਦਰ ਉਗਵ ਖਲੋਣਗੇ, ਅਤੇ ਉਗਵਣਗੇ ਨਾਮ ਨਿਧਾਨੀ ਸੂਰਮੱਤ ਪਰਧਾਨ ਸਪਿਰਿਟ ਦੇ ਤਾਣ। ਖਾਲਸਈ ਸਪਿਰਿਟ-ਵਿਥਾਰੂ ਸਤਿਗੁਰੂ ਸੂਰਮਾ ਸਦਾ ਖਾਲਸਾ ਜੀ ਦੇ ਸੀਸ ਉਤੇ ਸੁਭਾਇਮਾਨ ਹੈ। ਸਪਿਰਿਟੋਂ ਘੁਥਿਆਂ ਨੂੰ ਦਿਸਦਾ ਨਹੀਂ।

ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ ॥੭॥੨੨॥ (੨੯੩)

ਸਪਿਰਿਟ-ਜੋਤੀਸ਼ਰਾਂ ਦੇ ਸਾਰੇ ਹਾ ਕਾਰਜ ਪੂਰੇ ਹੋ ਜਾਣੇ ਹਨ। ਸਭ ਤੋਂ ਵਡ ਮਨੋਰਥੀ ਕਾਰਜ ਖਾਲਸਾ ਜੀ ਦਾ ਇਹ ਹੈ, ਸਾਰੇ ਸੰਸਾਰ ਅੰਦਰ ਸਚੜਾ ਧਰਮ ਨਿਆਇ ਵਾਲਾ ਹਲੇਮੀ ਰਾਜ ਵਰਤ ਜਾਵੇ। ਜਾਂ ਤੇ ਪਰਜਾ ਵੀ ਸੁਖੀ ਵਸੇ ਅਤੇ ਪਰਜਾ-ਪਤੀ ਭੀ ਸੁਖੀਏ ਸੁਹੇਲੇ ਦੋਹੀਂ ਲੋਕੀਂ ਹੋਣ। ਮਜ਼ਲੂਮਾਂ ਅਨਾਥਾਂ ਉਤੇ ਜ਼ੁਲਮ ਹੋਣਾ ਹਟ ਜਾਵੇ। ਇਹ ਹਲੇਮੀ ਰਾਜ ਦਾ ਖਾਲਸਈ ਆਦਰਸ਼ ਹੈ।

ਅਜੇ ਮਲੇਛੀ ਬੁਰਕਾ-ਪੋਸ਼ ਸਿਖ, ਅਜ ਦੀ ਧਰਮ ਨਿਆਇ ਤੋਂ ਹੀਣ ਹੀਜੜੀ ਸਰਕਾਰ ਦੀ ਗ਼ੁਲਾਮੀ ਚਾਕਰੀ ਵਿਚ ਆਏ ਹੋਏ ਹਨ। ਸੱਚੀ ਖਾਲਸਈ ਸਪਿਰਿਟ ਤੋਂ ਖ਼ਾਲੀ ਅਤੇ ਖ਼ਾਰਜ ਹੋ ਰਹੇ ਹਨ। ਇਹ ਪੰਥ ਅੰਦਰੋਂ ਭੀ ਛੇਤੀ ਖ਼ਾਰਜ ਹੋ ਜਾਣਗੇ। ਏਹਨਾਂ ਅੰਦਰ ਏਤਨਾ ਭੀ ਸਾਹਸ ਨਹੀਂ ਰਿਹਾ ਕਿ ਮਜ਼ਲੂਮਾਂ ਉਤੇ ਹੋਏ ਜ਼ੁਲਮ ਦਾ 'ਆਹ ਦਾ' ਨਾਅਰਾ ਹੀ ਮਾਰ ਛਡਣ। ਏਹਨਾਂ ਮਲੇਛੀ ਮਤ ਵਾਲੇ ਯਰਕਈ ਸਿਖਾਂ ਦੀ ਹਕੂਮਤ ਪੁਰਜ਼ਈ ਰੁਕਨਾਵਾਂ ਵਲੋਂ ਏਹਨਾਂ ਦੇ ਸਾਹਮਣੇ ਨਾਮ ਨਿਧਾਨੀ, ਸ਼ਬਦ ਸੁਰਤਿ ਨੈਸ਼ਾਨੀ ਨਿਹੰਗ ਸਿੰਘਾਂ ਉਤੇ ਦਿਨ ਦਿਹਾੜੇ ਮਾਰ-ਧਾੜੀ ਜ਼ੁਲਮ ਹੋਏ, ਜੋ ਹਿੰਦੁਸਤਾਨ ਅੰਦਰ ਹੋਈ ਕਿਸੇ ਹਕੂਮਤ ਦੇ ਜ਼ਮਾਨੇ ਵਿਚ ਨਹੀਂ ਹੋਏ। ਪਰ ਏਹਨਾਂ ਹਕੂਮਤ ਦੇ ਪੁਰਜ਼ੇ, ਹਕੂਮਤ ਦੇ ਰੁਕਨ ਅਖਵਾਉਣ ਵਾਲੇ ਬੇਗ਼ੈਰਤ ਨਾਮ ਨਿਹਾਦ ਸਿੱਖਾਂ, ਗ਼ੈਰ ਹਕੂਮਤ ਦੀ ਚਾਕਰੀ ਵਾਲੇ ਗ਼ੁਲਾਮਾਂ ਦੇ ਬੇਦਰਦ ਹਿਰਦਿਆਂ ਅੰਦਰ ਭੋਰਾ ਦਰਦ ਨਾ ਆਇਆ। ਤਰਸ ਤੇ ਦਰਦ ਤਾਂ ਕੀ ਆਉਣਾ ਸੀ, ਸਗੋਂ ਓਹਨਾਂ ਨੇ ਨਿਸ਼ੰਗ ਹੋ ਕੇ ਵਿਚਾਰੇ ਸ਼ਹੀਦ ਹੋਏ ਪੰਥ ਦੇ ਸੇਵਕਾਂ ਨੂੰ ਅਨਿਆਈ ਕੋਸਣੀ ਕੋਸਿਆ। ਏਹਨਾਂ ਨੂੰ ਕਮਿਊਨਿਸਟ ਦਸਣ ਦੀ ਕੋਝੀ ਕਰਤੂਤ ਕੀਤੀ ਤੇ ਉਲਟੀ ਖੁਸ਼ੀ ਮਨਾਈ। ਪਰ ਇਹ ਸ਼ਹੀਦੀ ਏਹਨਾਂ ਨਾਪਾਕੀਆਂ ਦੇ ਰਾਜ ਉਲਟਾਉਣ ਲਈ ਹੋਈ ਹੈ। ਜਿਸ ਰਾਜ ਅੰਦਰ ਅਜਿਹੇ ਜ਼ੁਲਮ ਹੋਣ, ਉਹ ਰਾਜ ਚੰਦ ਦਿਨਾਂ ਦਾ ਪ੍ਰਾਹੁਣਾ ਹੀ ਹੋਇਆ ਕਰਦਾ ਹੈ। ਇਹ ਸ਼ਹੀਦ ਨਿਹੰਗ ਸਿੰਘਾਂ ਦੀਆਂ ਆਤਮਾਵਾਂ ਤਾਂ ਪਰਲੋਕੀ ਗੁਰ-ਦਰਬਾਰ ਵਿਚ ਜਾ ਸੁਰਖਰੂ ਹੋਈਆਂ। ਸਾਨੂੰ ਮੁਸੱਰਤ ਇਸ ਗੱਲ ਦੀ ਹੈ ਕਿ ਜ਼ੁਲਮ ਦੇ ਰਾਜ ਨੂੰ ਇਨ੍ਹਾਂ ਦੀਆਂ ਸ਼ਹੀਦੀਆਂ ਜੜ੍ਹੋਂ ਉਖੇੜ ਗਈਆਂ। ਅਜਿਹੀਆਂ ਸਤੋਗੁਣੀ ਰੂਹਾਂ ਨਿਸ਼ਕਾਮ ਪੰਥ-ਸੇਵਕਾਂ ਦੀਆਂ ਵਧ ਤੋਂ ਵਧ ਪੰਥ ਅੰਦਰ ਪਰਗਟ ਹੋਣਗੀਆਂ ਅਤੇ ਪੰਥ ਦਾ ਵਾਲੀ ਖ਼ੁਦ ਆਪਣੇ ਪੰਥ ਨੂੰ ਅਜਿਹੀਆਂ ਆਤਮਾਵਾਂ ਸੇਤੀ ਸਰਸ਼ਾਰ ਕਰੇਗਾ। ਅਸਾਡੇ ਸਿਰ ਤੇ ਖੜ ਕੇ ਸੱਚੀ ਸੂਰਮਤਾ ਦੀ ਸਪਿਰਿਟ, ਸੜੀਆਂ ਬੁਝੀਆਂ ਰੂਹਾਂ ਅੰਦਰ ਭੀ ਭਰੇਗਾ। ਅਜਿਹੀ ਆਤਮ-ਤੱਤੀ ਆਤਮਾਵਾਂ ਦਾ ਤਾਂਤੇ ਦਾ ਤਾਂਤਾ ਸ਼ੀਘਰ ਹੀ ਉਠ ਖਲੋਇਗਾ ਅਤੇ ਹੱਕੋ ਹੱਕੁ ਨਿਆਉਂ ਨਿਬੇੜਾ ਕਰੇਗਾ।

ਚੌਹਾਂ ਜੁਗਾਂ ਦਾ ਨਿਬੇੜਾ ਹੋਣ ਦੇ ਇਹ ਤੱਤ-ਫੜੱਤੀ ਆਸਾਰ ਹਨ। ਚੌਹਾਂ ਜੁਗਾਂ ਦਾ ਨਿਬੇੜਾ ਕਰਨਹਾਰ ਇਕੋ ਇਕ ਨਿਧਾਨ ਜੋ ਵਿਰਲੀਆਂ ਰੂਹਾਂ ਦੇ ਵਿਰਸੇ ਵਿਚ ਆਇਆ ਹੋਇਆ ਹੈ, ਗੁਰੂ ਕਲਗੀਆਂ ਵਾਲੇ ਦੀ ਕਿਰਪਾ ਨਾਲ ਵਾਛੜ ਵਾਲਾ ਮੀਂਹ ਹੋ ਕੇ ਸਾਰੀ ਖਾਲਸਾ ਕੌਮ ਅੰਦਰ ਵਰਸੇਗਾ। ਇਸ ਬਿਧਿ ਹੀ ਕਲਜੁਗੀ ਜੀਵਾਂ ਦਾ ਉਧਾਰ ਹੈ।

['ਗੁਰਮਤਿ ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ

---

**ਚਿੱਟ ਨੰਬਰ—** ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ ਜੀ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ।

(੨) ਜੇ ਪਰਚਾ ੧੫ ਤਰੀਕ ਤਕ ਵੀ ਨਾ ਪੁਜੇ ਤਾਂ ਗੁੰਮ ਹੋ ਜਾਣ ਕਰਕੇ ਦੁਬਾਰਾ ਪਰਚਾ ਭੇਜਣ ਲਈ ਕਾਰਡ ਲਿਖੋ ਜੀ



www.AKJ.Org

# ਪੰਜਾਬ ਵਿਚ ਸ਼ਿਵ ਸੈਨਾ ਵਲੋਂ ਗੜਬੜ-ਸਾਜ਼ਿਸ਼ ਬੇਨਿਕਾਬ—ਕਾਹਲੋਂ

## ਸਿਖਾਂ ਦੇ ਭੇਸ 'ਚ ਅਤਿਵਾਦੀ ਕਾਰੇ—ਤਿੰਨ ਮੈਂਬਰ ਕਾਬੂ—ਛਾਪੇ ਜਾਰੀ

ਅੰਮ੍ਰਿਤਸਰ, ੧੭ ਨਵੰਬਰ—(ਮਨਜੀਤ ਸਿੰਘ) ਅੰਮ੍ਰਿਤਸਰ ਦੀ ਪੁਲਸ ਨੇ ਹਿੰਦੂ ਸ਼ਿਵ ਸੈਨਾ ਦੇ ਇਕ ੮ ਮੈਂਬਰੀ ਗਿਰੋਹ ਦਾ ਪਰਦਾ ਫਾਸ਼ ਕੀਤਾ ਹੈ। ਇਹ ਗਿਰੋਹ ਵੱਖ ਵੱਖ ਥਾਵਾਂ ਤੇ ਸਿੱਖੀ ਸਰੂਪ ਧਾਰ ਕੇ ਬੈਂਕਾਂ ਵਿਚ ਡਾਕੇ ਮਾਰਦਾ ਅਤੇ ਛੁਰੇਬਾਜ਼ੀ ਦੀਆਂ ਵਾਰਦਾਤਾਂ ਕਰਦਾ ਸੀ। ਇਸ ਗਿਰੋਹ ਦਾ ਉਦੇਸ਼ ਪੰਜਾਬ ਦੀ ਬਰਨਾਲਾ ਸਰਕਾਰ ਨੂੰ ਲਾ ਐਂਡ ਆਰਡਰ ਦੇ ਸਿਲਸਿਲੇ ਵਿਚ ਬਦਨਾਮ ਕਰਨਾ ਤੇ ਪੰਜਾਬ ਵਿਚ ਫੌਜੀ ਰਾਜ ਦੀ ਕੀਤੀ ਜਾ ਰਹੀ ਮੰਗ ਨੂੰ ਜਾਇਜ਼ ਠਹਿਰਾਉਣਾ ਸੀ। ਇਹ ਗਿਰੋਹ ਹਥਿਆਰ ਇਕੱਠੇ ਕਰਦਾ ਤੇ ਖ਼ਰੀਦਦਾ ਵੀ ਸੀ। ਇਹ ਜਾਣਕਾਰੀ ਐਸ ਪੀ ਸਿਟੀ ਸ: ਹਰਕ੍ਰਿਸ਼ਨ ਸਿੰਘ ਕਾਹਲੋਂ ਨੇ ਅਜ ਇਥੇ ਪ੍ਰੈੱਸ ਕਾਨਫਰੰਸ ਵਿਚ ਦਿਤੀ। ਉਹਨਾਂ ਦਸਿਆ ਕਿ ਇਸ ਗਿਰੋਹ ਦਾ ਪਤਾ ਉਦੋਂ ਲਗਾ ਜਦੋਂ ਇਸ ਦੇ ਤਿੰਨ ਮੈਂਬਰਾਂ ਨੂੰ ਪੁਲਸ ਨੇ ਪੁਤਲੀ ਘਰ ਦੇ ਏਰੀਏ ਵਿਚੋਂ ਗ੍ਰਿਫਤਾਰ ਕੀਤਾ। ਇਹਨਾਂ ਫੜੇ ਤਿੰਨ ਮੈਂਬਰਾਂ ਨੇ ਕਈ ਜੁਰਮਾਂ ਦਾ ਜਿਥੇ ਇਕਬਾਲ ਕੀਤਾ ਹੈ ਉਥੇ ਕਈ ਰੌਂਗਟੇ ਖੜੇ ਕਰਨ ਵਾਲੇ ਇੰਕਸ਼ਾਫ ਵੀ ਕੀਤੇ ਹਨ। ਇਸ ਗਿਰੋਹ ਦੇ ਬਾਕੀ ੫ ਮੈਂਬਰ ਅਜੇ ਫ਼ਰਾਰ ਹਨ, ਜਿਨ੍ਹਾਂ ਨੂੰ ਫੜਨ ਲਈ ਪੁਲਸ ਪੂਰੀ ਤਰ੍ਹਾਂ ਸਰਗਰਮ ਹੈ। ਫੜੇ ਬੰਦਿਆਂ ਕੋਲੋਂ ਭਗਤਾਂ ਵਾਲੇ ਚੌਕ ਵਿਚ ਸਥਿਤ ਬੈਂਕ ਤੋਂ ਲੁਟੀ ਕੁਝ ਰਕਮ ਵੀ ਬਰਾਮਦ ਹੋਈ ਹੈ।...

**ਗਿਰੋਹ ਦੇ ਮੈਂਬਰ**—ਸ: ਕਾਹਲੋਂ ਨੇ ਦਸਿਆ ਕਿ ਪੁਤਲੀ ਘਰ ਵਿਚੋਂ ਇਸ ਗਿਰੋਹ ਦੇ ਜਿਹੜੇ ਤਿੰਨ ਦੋਸ਼ੀ ਫੜੇ ਗਏ ਹਨ, ਇਹਨਾਂ ਦੇ ਨਾਂ ਹਨ ਅਨਿਲ ਕੁਮਾਰ, ਇਹ ਮੁਹਾਲੀ ਦਾ ਰਹਿਣ ਵਾਲਾ ਹੈ ਤੇ ਇਸ ਦੀ ਉਮਰ ੨੫ ਸਾਲ ਦੀ ਹੈ। ਇਹ ਹਿੰਦੂ ਸ਼ਿਵ ਸੈਨਾ ਦਾ ਉੱਘਾ ਵਰਕਰ ਹੈ। ਇਸ ਨੇ ਦਾੜ੍ਹੀ ਰਖੀ ਹੋਈ ਹੈ। ਜਦੋਂ ਵਾਰਦਾਤ ਕਰਨੀ ਹੁੰਦੀ ਸੀ ਤਾਂ ਇਹ ਕਾਲੀ ਪਗੜੀ ਬੰਨ੍ਹ ਲੈਂਦਾ ਸੀ। ਅਗੇ ਪਿਛੇ ਵੀ ਇਹ ਪਗੜੀ ਬੰਨ੍ਹ ਕੇ ਹੀ ਰਖਦਾ ਸੀ। ਦੂਸਰਾ ਇਸਲਾਮਾਬਾਦ ਦਾ ਸੁਰਿੰਦਰਪਾਲ ਸਿੰਘ ਹੈ, ਇਸ ਦੀ ਉਮਰ ੨੨ ਸਾਲਾਂ ਦੀ ਹੈ। ਇਹ ਪੰਜਾਬ ਐਂਡ ਸਿੰਧ ਬੈਂਕ ਭਗਤਾਂ ਵਾਲਾ ਚੌਕ ਦੀ ਬਰਾਂਚ ਵਿਚ ਚਪੜਾਸੀ ਹੈ। ਜਿਹੜੇ ੫ ਮੈਂਬਰ ਫ਼ਰਾਰ ਹਨ, ਉਹ ਹਨ—ਸੁਰਿੰਦਰ ਕੁਮਾਰ ਡੋਗਰਾ ਪ੍ਰਧਾਨ ਸ਼ਿਵ ਸੈਨਾ ਅੰਮ੍ਰਿਤਸਰ, ਅਸ਼ਵਨੀ ਕੁਮਾਰ ਆਸ਼ੀ ਉਰਫ ਸਤੀਸ਼ ਕੁਮਾਰ ਅੰਮ੍ਰਿਤਸਰ, ਇਸ ਦਾ ਨਾਂ ਰਾਜਪੁਰਾ ਵਿਚ ਅਸ਼ਵਨੀ ਕੁਮਾਰ ਸੀ ਤੇ ਅੰਮ੍ਰਿਤਸਰ ਵਿਚ ਸਤੀਸ਼ ਕੁਮਾਰ। ਉਪਿੰਦਰਪਾਲ ਜੁਗਨੂੰ ਇਹ ਸੁਰਿੰਦਰਪਾਲ ਸਿੰਘ ਦਾ ਭਰਾ ਹੈ। ਵਿਜੈ ਕੁਮਾਰ, ਇਹ ਹਿੰਦੂ ਸ਼ਿਵ ਸੈਨਾ ਅੰਮ੍ਰਿਤਸਰ ਦਾ ਆਫਿਸ ਸੈਕਟਰੀ ਹੈ ਤੇ ਇਹਨਾਂ ਦਾ ਦਫ਼ਤਰ ਦੁਰਗਿਆਨਾ ਮੰਦਰ ਵਿਚ ਹੈ। ਸੁਭਾਸ਼ ਬਿੱਲਾ, ਇਹ ਜ਼ਮਾਨਤ ਤੇ ਰਿਹਾਅ ਹੈ। ਪਿਛੇ ਜਿਹੇ ਕਰਫਿਊ ਦੌਰਾਨ ਕਟੜਾ ਦੂਲੋ ਵਿਚ ਛੁਰੇਬਾਜ਼ੀ ਕਰਦਾ ਫੜਿਆ ਗਿਆ ਸੀ। ਅਨਿਲ ਵੀ ਫੜਿਆ ਗਿਆ ਸੀ। ਸੁਰਿੰਦਰ ਕੁਮਾਰ ਵਡਾ ਅਪਰਾਧੀ ਹੈ ਤੇ ਇਹੋ ਇਸ ਗਿਰੋਹ ਦਾ ਲੀਡਰ ਹੈ।...

**ਛਾਪੇ ਜਾਰੀ**—ਸ: ਕਾਹਲੋਂ ਨੇ ਹੋਰ ਦਸਿਆ ਕਿ ਇਸ ਗਿਰੋਹ ਦੇ ਬਹੁਤ ਦੂਰ ਦੂਰ ਤਕ ਪੰਜਾਬ ਤੋਂ ਬਾਹਰ ਲਿੰਕ ਹਨ, ਇਸ ਲਈ ਇਹਨਾਂ ਦੇ ਮੁਖੀਆਂ ਨੂੰ ਫੜਨ ਲਈ ਅੰਮ੍ਰਿਤਸਰ ਤੋਂ ਬਾਹਰ ਛਾਪੇ ਮਾਰੇ ਜਾ ਰਹੇ ਹਨ ਅਤੇ ਵੱਖ ਵੱਖ ਥਾਵਾਂ ਤੇ ਪੁਲਸ ਟੋਲੀਆਂ ਭੇਜੀਆਂ ਜਾ ਰਹੀਆਂ ਹਨ।...

**ਬੈਂਕ ਲੁਟਿਆ**—ਜੁਗਨੂੰ ਬਾਰੇ ਪਤਾ ਲਗਾ ਹੈ ਕਿ ਉਹ ਪੰਜਾਬ ਤੇ ਦਿੱਲੀ ਵਿਚ ਵੀ ਬੈਂਕ ਡਾਕੇ ਮਾਰਦਾ ਸੀ। ੨੫ ਅਕਤੂਬਰ ਨੂੰ ਚੌਕ ਭਗਤਾਂ ਵਿਚ ਸਥਿਤ ਬੈਂਕ ਵਿਚ ੭੬੪੦੦ ਰੁਪੈ ਦਾ ਜੋ ਡਾਕਾ ਪਿਆ ਸੀ, ਉਹ ਇਹਨਾਂ ਨੇ ਹੀ ਮਾਰਿਆ ਸੀ। ਇਸ ਦਾ ਇਕਬਾਲ ਉਹਨਾਂ ਨੇ ਕੀਤਾ ਹੈ। ਉਹਨਾਂ ਦਸਿਆ ਕਿ ਸੁਰਿੰਦਰਪਾਲ ਸਿੰਘ, ਆਤਮਾ ਸਿੰਘ, ਉਪਿੰਦਰਪਾਲ, ਅਸ਼ਵਨੀ ਕੁਮਾਰ ਤੇ ਸਤੀਸ਼ ਕੁਮਾਰ ਵਿਚ ਲੁਟੀ ਗਈ ਰਕਮ ੧੨-੧੨ ਹਜ਼ਾਰ ਰੁਪੈ ਦੇ ਹਿਸਾਬ ਨਾਲ ਵੰਡੀ ਗਈ ਸੀ। ਸੁਭਾਸ਼ ਬਿੱਲਾ ਨੂੰ ੧੦ ਹਜ਼ਾਰ ਰੁਪੈ ਦਿਤੇ ਸਨ। ਸੁਰਿੰਦਰਪਾਲ ਸਿੰਘ ਕੋਲੋਂ ੧੯੦੦ ਰੁਪੈ ਨਕਦ ਮਿਲ ਗਏ ਹਨ। ਬਾਕੀ ਰਕਮ ਉਸ ਨੇ ਭੈਣ ਦੇ ਵਿਆਹ ਤੇ ਖਰਚ ਲਈ। ਨਕਦੀ ਤੇ ਉਸ ਤੋਂ



www.AKJ.Org

ਇਲਾਵਾ ੧੨ ਸਾੜ੍ਹੀਆਂ, ੧੯ ਲੇਡੀ ਸੂਟ, ੫ ਮਰਦਾਂ ਦੇ ਸੂਟ ਵੀ ਮਿਲੇ। ਗੰਨਮੈਨ ਕੋਲੋਂ ੨੯੦੦ ਰੁਪੈ, ਅਨਿਲ ਕੁਮਾਰ ਕੋਲੋਂ ੨੦੦੦ ਰੁਪੈ ਤੇ ੧੨ ਬੋਰ ਦੇ ਦੋ ਪਿਸਤੌਲ ਵੀ ਮਿਲੇ। ਸੁਭਾਸ਼ ਬਿੱਲਾ ਪਿਛੇ ਕਟੜਾ ਦੂਲੋ ਵਿਚ ਫੜਿਆ ਗਿਆ ਸੀ। ਇਸ ਗਿਰੋਹ ਦਾ ਮਨੋਰਥ ਅੱਤਵਾਦੀ ਸਰਗਰਮੀਆਂ ਵਿਚ ਵਾਧਾ ਕਰਨਾ ਵੀ ਸੀ। ਦਸਿਆ ਜਾਂਦਾ ਹੈ ਕਿ ਭਗਤਾਂ ਵਾਲਾ ਚੌਕ ਵਿਚ ਬੈਂਕ ਲੁਟਣ ਪਿਛੋਂ ਅਨਿਲ ਕੁਮਾਰ ਤੇ ਅਸ਼ਵਨੀ ਕੁਮਾਰ ਨੇ ਪਿਸਤੌਲ ਹਿੰਦੂ ਸ਼ਿਵ ਸੈਨਾ ਦੇ ਪ੍ਰਧਾਨ ਸੁਰਿੰਦਰ ਡੋਗਰਾ ਨੂੰ ਵਾਪਸ ਕਰ ਦਿਤਾ। ੧੫੦੦੦ ਰੁਪੈ ਉਸ ਨੂੰ ਪਾਰਟੀ ਫੰਡ ਲਈ ਦਿਤੇ ਗਏ ਸਨ।...ਸ: ਕਾਹਲੋਂ ਨੇ ਦਸਿਆ ਕਿ ਅਨਿਲ ਕੁਮਾਰ ਪਿਛਲੇ ਸਾਲ ਕਨਾਟ ਪਲੇਸ ਦਿੱਲੀ ਵਿਚ ਡਾਕਾ ਮਾਰਨ ਪਿਛੋਂ ਕਲਕਤੇ ਭਜ ਗਿਆ ਸੀ ਤੇ ਫਿਰ ਵਾਪਸ ਅੰਮ੍ਰਿਤਸਰ ਆ ਗਿਆ। ਆਪਣੇ ਆਪ ਨੂੰ ਲੁਕਾਈ ਰੱਖਣ ਲਈ ਉਸ ਨੇ ਦਾੜ੍ਹੀ ਰੱਖ ਲਈ। ਅਜੀਤ, ੧੯-੧੧-੮੬

## ਸਾਜ਼ਿਸ਼–ਸ਼ਿਵ ਸੈਨਾ ਦੇ ਅੱਡਿਆਂ ਤੇ ਛਾਪੇ

ਅੰਮ੍ਰਿਤਸਰ, ੧੮ ਨਵੰਬਰ (ਮਨਜੀਤ ਸਿੰਘ)–ਸੂਬੇ ਵਿਚ ਵੱਡੀ ਪੱਧਰ ਤੇ ਗੜਬੜ ਕਰਾਉਣ ਦੀ ਯੋਜਨਾ ਬਨਾਉਣ ਵਾਲੇ ਹਿੰਦੂ ਸ਼ਿਵ ਸੈਨਾ ਦੇ ਲੁੜੀਂਦੇ ਬਾਕੀ ਸਾਰੇ ਮੈਂਬਰਾਂ ਦੀ ਫੜੋ ਫੜੀ ਲਈ ਪੁਲਸ ਵਲੋਂ ਅਜ ਰਾਤ ਵੀ ਕਈ ਥਾਈਂ ਛਾਪੇ ਮਾਰੇ ਗਏ, ਪਰ ਲੁੜੀਂਦੇ ਸ਼ਿਵ ਸੈਨਾ ਮੈਂਬਰ ਅਜੇ ਵੀ ਫ਼ਰਾਰ ਹਨ। ਇਥੇ ਇਹ ਵਰਨਣ ਯੋਗ ਹੈ ਕਿ ਪੁਲਸ ਨੇ ਹਿੰਦੂ ਸ਼ਿਵ ਸੈਨਾ ਦੇ ਇਕ ਅੱਠ-ਮੈਂਬਰੀ ਗਿਰੋਹ ਦੇ ਤਿੰਨ ਉਘੇ ਮੈਂਬਰਾਂ ਨੂੰ ਕਲ੍ਹ ਪੁਤਲੀਘਰ ਖੇਤਰ ਵਿਚੋਂ ਗ੍ਰਿਫਤਾਰ ਕੀਤਾ ਸੀ, ਜਿਨ੍ਹਾਂ ਨੇ ਸਥਾਨਕ ਭਗਤਾਂ ਵਾਲਾ ਗੇਟ ਪੰਜਾਬ ਸਿੰਧ ਬੈਂਕ ਵਿਚ ਸਿੱਖ ਰੂਪ ਵਿਚ ਡਾਕਾ ਮਾਰਿਆ ਸੀ ਤੇ ਖਾਲਿਸਤਾਨੀ ਨਾਅਰੇ ਲਾਏ ਸਨ। ਇਹ ਗੱਲ ਬੀਤੇ ਦਿਨੀਂ ਗ੍ਰਿਫਤਾਰ ਮੈਂਬਰਾਂ ਅਨਿਲ ਕੁਮਾਰ, ਸੁਰਿੰਦਰ ਪਾਲ ਅਤੇ ਆਤਮਾ ਸਿੰਘ (ਮੋਨਾ) ਨੇ ਪੁਲਸ ਤਫਤੀਸ਼ ਦੌਰਾਨ ਇਕਬਾਲ ਕੀਤੀ। ਉਨ੍ਹਾਂ ਪੁਲਸ ਨੂੰ ਇਹ ਵੀ ਦਸਿਆ ਕਿ ਡਾਕੇ, ਖੋਹ ਕਰਨ ਲਗਿਆਂ ਉਹਨਾਂ ਦੇ ਕੁਝ ਸਾਥੀ ਸਿੱਖ ਸਰੂਪ ਵਿਚ ਪੱਗਾਂ ਬੰਨ੍ਹ ਕੇ ਰਖਦੇ ਸਨ ਅਤੇ ਖਾਲਿਸਤਾਨੀ ਨਾਅਰੇ ਲਾਉਂਦੇ ਸਨ। ਪੁਲਸ ਸੂਤਰਾਂ ਅਨੁਸਾਰ ਪੁਲਸ ਦਾ ਦਾਅਵਾ ਹੈ ਕਿ ਇਸ ਗਿਰੋਹ ਦੇ ਮੈਂਬਰਾਂ ਦੀ ਗ੍ਰਿਫਤਾਰੀ ਨਾਲ ਸੂਬੇ ਅਤੇ ਸੂਬੇ ਤੋਂ ਬਾਹਰ ਸ਼ਿਵ ਸੈਨਾ ਵਲੋਂ ਗੜਬੜ ਅਤੇ ਵਿਸ਼ੇਸ਼ ਫਿਰਕੇ ਉਤੇ ਹਮਲੇ ਕਰਨ ਦੇ ਨਾਲ ਫਿਰਕੂ ਪ੍ਰਚਾਰ ਦੀ ਬੜੀ ਵੱਡੀ ਦੇਸ਼-ਮਾਰੂ-ਸਕੀਮ ਦਾ ਪਰਦਾ ਫ਼ਾਸ਼ ਹੋਵੇਗਾ। ਜਿਸ ਦੇ ਅਧੀਨ ਸ਼ਿਵ ਸੈਨਾ ਦੇ ਸੂਬੇ ਅਤੇ ਸੂਬੇ ਤੋਂ ਬਾਹਰ ਕਈ ਵਡੇ ਆਗੂਆਂ ਦਾ ਪੁਲਸ ਦੀ ਗ੍ਰਿਫਤ ਵਿਚ ਆਉਣਾ ਯਕੀਨੀ ਹੈ, ਜੋ ਇਨ੍ਹਾਂ ਨੂੰ ਆਰਥਕ ਮਦਦ ਵੀ ਦਿੰਦੇ ਹਨ।...ਇਥੇ ਇਹ ਵੀ ਵਰਨਣਯੋਗ ਹੈ ਕਿ ਸ਼ਿਵ ਸੈਨਾ ਦੇ ਸੂਬਾ ਪ੍ਰਧਾਨ ਪੰਡਤ ਕਿਸ਼ੋਰ ਚੰਦ ਅਤੇ ਹਿੰਦੂ ਰਾਸ਼ਟਰੀ ਸੰਗਠਨ ਦੇ ਪ੍ਰਧਾਨ ਸੁਰਿੰਦਰ ਕੁਮਾਰ ਬਿੱਲਾ ਵਿਚਕਾਰ ਬੀਤੇ ਸਾਲ ਹਥਿਆਰਾਂ ਦੀ ਵੰਡ ਨੂੰ ਲੈ ਕੇ ਦੁਰਗਿਆਨਾ ਮੰਦਰ ਸਮੂਹ ਵਿਖੇ ਲੜਾਈ ਵੀ ਹੋਈ ਸੀ ਅਤੇ ਦੋਨੋਂ ਹੀ ਗ੍ਰਿਫਤਾਰ ਕਰ ਲਏ ਗਏ ਸਨ ਪਰ ਫੇਰ ਸਿਆਸੀ ਦਬਾਅ ਪੈਣ ਤੇ ਛੱਡ ਦਿੱਤਾ ਗਿਆ ਸੀ।...ਇਥੇ ਇਹ ਵੀ ਵਰਨਣ ਯੋਗ ਹੈ ਕਿ ਫ਼ਰਾਰ ਵਿਅਕਤੀਆਂ ਵਿਚੋਂ ਤਕਰੀਬਨ ਸਾਰੇ ਹੀ ਬੀਤੀ ਜੁਲਾਈ ਵਿਚ ਅੰਮ੍ਰਿਤਸਰ ਵਿਖੇ ਕਰਫਿਊ ਦੌਰਾਨ ਕਟੜਾ ਦੂਲੋ ਵਿਚ ਇਕ ਫਿਰਕੇ ਦੇ ਲੋਕਾਂ ਤੇ ਛੁਰਿਆਂ ਨਾਲ ਹਮਲਾ ਕਰਨ ਦੀਆਂ ਕਈ ਵਾਰਦਾਤਾਂ ਵਿਚ ਗ੍ਰਿਫਤਾਰ ਹੋਏ ਸਨ, ਜੋ ਕਿ, ਜ਼ਮਾਨਤ ਤੇ ਰਿਹਾਅ ਹਨ।... ਅਜੀਤ, ੧੯-੧੧-੮੬

## ਜਲੰਧਰ ਸ਼ਿਵ ਸੈਨਾ ਦੇ ਕਾਰਕੁੰਨਾਂ ਕੋਲੋਂ ਨਾਜਾਇਜ਼ ਅਸਲਾ ਬ੍ਰਾਮਦ

ਜਲੰਧਰ, ੨੦ ਨਵੰਬਰ–(ਸਟਾਫ ਰਿਪੋਰਟਰ) ਜਲੰਧਰ ਪੁਲਸ ਨੇ ਹਿੰਦੂ ਸ਼ਿਵ ਸੈਨਾ ਦੇ ਸਰਗਰਮ ਵਰਕਰਾਂ ਪਾਸੋਂ ਭਾਰੀ ਮਾਤਰਾ ਵਿਚ ਨਜਾਇਜ਼ ਅਸਲਾ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਜਲੰਧਰ ਦੇ ਐਸ. ਪੀ. ਹੈਡਕੁਆਰਟਰ ਸ੍ਰੀ ਗੋਪਾਲ ਦਾਸ ਨੇ ਪ੍ਰੈੱਸ ਕਾਨਫਰੰਸ ਵਿਚ ਦਸਿਆ ਕਿ ਹਿੰਦੂ ਸ਼ਿਵ ਸੈਨਾ ਦੇ ਜਿਹਨਾਂ ਸਰਗਰਮ ਵਰਕਰਾਂ ਨੇ ੩੦ ਅਕਤੂਬਰ ਨੂੰ ਸਥਾਨਕ ਸ਼ਕਤੀ ਨਗਰ ਵਿਚ ਇੰਦਰਜੀਤ ਸਿੰਘ ਨੂੰ ਕਤਲ ਕੀਤਾ ਸੀ ਉਨ੍ਹਾਂ ਵਿਚੋਂ ਦੋ ਨੂੰ ਨਜਾਇਜ਼ ਅਸਲ੍ਹੇ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਹੈ। ਗ੍ਰਿਫਤਾਰ ਵਿਅਕਤੀਆਂ ਵਿਚ ਅਸ਼ਵਨੀ ਕੁਮਾਰ ਰਿਸ਼ੀ ਅਤੇ ਧਰਮਿੰਦਰ ਕਿਟੂ ਸ਼ਾਮਲ ਹਨ। ਤੀਜਾ ਕਾਤਲ ਅਸ਼ੋਕ ਭੱਲਾ ਅਜੇ ਫ਼ਰਾਰ ਹੈ ਅਤੇ ਚੌਥਾ ਲਲਤ ਕੁਮਾਰ ਉਸ ਦਿਨ ਮੌਕੇ ਤੇ ਹੀ ਆਪਣੇ ਸਾਥੀਆਂ ਹਥੋਂ ਮਾਰਿਆ ਗਿਆ ਸੀ। ਵਰਨਣਯੋਗ ਹੈ ਕਿ ਇੰਦਰਜੀਤ ਸਿੰਘ ਦੇ

www.AKJ.Org

ਕਤਲ ਵਿਚ ਵਰਤਿਆ ਗਿਆ ਪਿਸਤੌਲ ਬਿਜਲੀ ਬੋਰਡ ਦੇ ਇਕ ਐਸ. ਡੀ. ਓ. ਦਾ ਹੈ ਅਤੇ ਪੁਲਸ ਨੇ ਇਸ ਸੰਬੰਧੀ ਕੇਸ ਦਰਜ ਕਰ ਲਿਆ ਹੈ। ਇੰਦਰਜੀਤ ਸਿੰਘ ਦੇ ਕਤਲ ਦੇ ਸੰਬੰਧ ਵਿਚ ਪੁਲਸ ਨੇ ਦੋ ਬਾਰਾਂ ਬੋਰ ਦੇ ਪਿਸਤੌਲ ਅਤੇ ੩੧੫ ਬੋਰ ਦਾ ਇਕ ਪਿਸਤੌਲ ਬਰਾਮਦ ਕਰ ਲਿਆ। ਹਰਜਿੰਦਰ ਸਿੰਘ ਉਰਫ ਸ਼ੰਟੀ ਦੇ ਕਤਲ ਸੰਬੰਧੀ ਵੀ ਇਕ ਵਿਅਕਤੀ ਨਜਾਇਜ਼ ਅਸਲ੍ਹੇ ਸਮੇਤ ਕਾਬੂ ਕਰ ਲਿਆ ਹੈ।

**ਨਵਾਂ ਸ਼ਹਿਰ** : ਇਥੇ ਰਾਮ ਸਰੂਪ ਨਾਮੀ ਇਕ ਵਿਅਕਤੀ ਪਾਸੋਂ ਪੁਲਸ ਨੇ ੧੨ ਬੋਰ ਦਾ ਪਿਸਤੌਲ ਕੁਝ ਕਾਰਤੂਸਾਂ ਸਮੇਤ ਬਰਾਮਦ ਕਰਨ ਦਾ ਦਾਅਵਾ ਕੀਤਾ। ਪੁਲਸ ਅਧਿਕਾਰੀ ਨੇ ਦਸਿਆ ਕਿ ਸ਼ਿਵ ਸੈਨਾ ਨੇ ਅਜੇ ਵੀ ਕਾਫੀ ਮਾਤਰਾ ਵਿਚ ਨਜਾਇਜ਼ ਅਸਲ੍ਹਾ ਦਬਾ ਕੇ ਰਖਿਆ ਹੈ। ਅਜੀਤ, ੨੧-੧੧-੮੬

**ਸਿੱਖੀ ਭੇਸ ਚਿ ਹਿੰਸਾ ਤੇ ਲੁਟਮਾਰ ਕਰਨ ਵਾਲੇ ਸ਼ਿਵ-ਸੈਨਕਾਂ ਨੂੰ ਬਚਾਉਣ ਲਈ ਭਾਰੀ ਸਿਆਸੀ ਦਬਾਅ–**

ਅੰਮ੍ਰਿਤਸਰ, ੨੩ ਨਵੰਬਰ–(ਮਨਜੀਤ ਸਿੰਘ) ਪਤਾ ਲੱਗਾ ਹੈ ਕਿ ਸਿੱਖੀ ਭੇਸ ਵਿਚ ਸੂਬੇ ਅੰਦਰ ਡਾਕੇ, ਕਤਲ ਅਤੇ ਖੋਹਾਂ ਵਰਗੀਆਂ ਵਾਰਦਾਤਾਂ ਕਰਕੇ ਸਿੱਖਾਂ ਅਤੇ ਪੰਜਾਬ ਸਰਕਾਰ ਨੂੰ ਕਾਨੂੰਨ ਵਿਵਸਥਾ ਦੇ ਮਾਮਲੇ ਵਿਚ ਬਦਨਾਮ ਕਰਕੇ ਫੌਜੀ ਰਾਜ ਦੇ ਹਾਲਾਤ ਪੈਦਾ ਕਰਨ ਵਾਲੇ ਫ਼ਰਾਰ ਸ਼ਿਵ ਸੈਨਾ ਮੈਂਬਰਾਂ ਦੇ ਬਚਾਅ, ਖਾਸ ਤੌਰ ਤੇ ਸ਼ਿਵ ਸੈਨਾ ਦੇ ਪ੍ਰਧਾਨ ਸੁਰਿੰਦਰ ਡੋਗਰਾ ਦੇ ਬਚਾਅ ਲਈ ਕੁਝ ਕਾਂਗਰਸੀ ਆਗੂਆਂ ਵਲੋਂ ਸਥਾਨਕ ਪੁਲਸ ਪ੍ਰਸ਼ਾਸ਼ਨ ਤੇ ਜ਼ਬਰਦਸਤ ਸਿਆਸੀ ਦਬਾਅ ਪਾਇਆ ਜਾ ਰਿਹਾ ਹੈ। ਭਾਵੇਂ ਉਚ ਪੁਲਸ ਅਧਿਕਾਰੀਆਂ ਨੇ ਇਸ ਦਾ ਖੰਡਨ ਕੀਤਾ ਹੈ ਪਰ ਭਰੋਸੇਯੋਗ ਸੂਤਰਾਂ ਅਨੁਸਾਰ ਮਾਮਲੇ ਨੂੰ ਰਫ਼ਾ ਦਫ਼ਾ ਕਰਨ ਲਈ ਪੁਲਸ ਤੇ ਵੱਡੀ ਪੱਧਰ ਤੇ ਦਬਾਅ ਪਾਇਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਜੇ ਇਸ ਮਾਮਲੇ ਦੀ ਨਿਰਪੱਖ ਪੜਤਾਲ ਹੁੰਦੀ ਹੈ ਤਾਂ ਸੂਬੇ ਅੰਦਰ ਵੱਡੀ ਗਿਣਤੀ ਵਿਚ ਸ਼ਿਵ ਸੈਨਾ ਅਤੇ ਬਾਕੀ ਦੇ ਕਈ ਗਰਮ-ਖਿਆਲੀ ਹਿੰਦੂ ਸੰਗਠਨਾਂ ਦੇ ਆਗੂਆਂ ਦੇ ਵੀ ਇਸ ਸੂਬਾ-ਪੱਧਰੀ-ਸਾਜ਼ਿਸ਼ ਦੀ ਲਪੇਟ ਵਿਚ ਆਉਣਾ ਯਕੀਨੀ ਹੈ। ਸੂਤਰਾਂ ਅਨੁਸਾਰ ਇਹ ਕੋਈ ਪਹਿਲੀ ਵਾਰ ਨਹੀਂ, ਇਸ ਤੋਂ ਪਹਿਲਾਂ ਵੀ ਕੇਂਦਰੀ ਆਗੂਆਂ ਦੇ ਦਖਲ ਤੇ ਸ਼ਿਵ ਸੈਨਾ ਅਤੇ ਹਿੰਦੂ ਸੁਰੱਖਿਆ ਸੰਮਤੀ ਵਲੋਂ ਨਜਾਇਜ਼ ਹਥਿਆਰਾਂ ਦੀ ਵੰਡ ਦੇ ਮਾਮਲਿਆਂ ਨੂੰ ਦਬਾਇਆ ਜਾ ਚੁੱਕਾ ਹੈ। ਜਿਸ ਵਿਚ (ਬੱਤੀ) ੩੨ ਨਜਾਇਜ਼ ਰਿਵਾਲਵਰ ਸਪਲਾਈ ਕਰਨ ਦਾ ਬਟਾਲਾ ਕਾਂਡ ਪ੍ਰਮੁਖ ਹੈ, ਜਿਸ ਵਿਚ ਅੰਮ੍ਰਿਤਸਰ ਅਤੇ ਬਟਾਲਾ ਦੇ ਕਈ ਉਘੇ ਆਗੂਆਂ ਵਿਰੁਧ ਰਿਪੋਰਟ ਥਾਣੇ ਚਿ ਲਿਖੀ ਗਈ ਸੀ। ਏਨਾ ਗੰਭੀਰ ਮਾਮਲਾ ਹੋਣ ਦੇ ਬਾਵਜੂਦ ਵੀ ਇਸ ਦੀ ਪੜਤਾਲ ਦਾ ਮਾਮਲਾ ਅਗਾਂਹ ਨਹੀਂ ਤੋਰਿਆ ਗਿਆ। ਇਹ ਮਾਮਲਾ ਗਵਰਨਰੀ ਰਾਜ ਵੇਲੇ ਦਾ ਹੈ। ਦੂਜੇ ਪਾਸੇ ਪੁਲਸ ਅਧਿਕਾਰੀਆਂ ਅਨੁਸਾਰ ਪੁਲਸ ਵਲੋਂ ਸ਼ਿਵ ਸੈਨਾ ਦੇ ਪ੍ਰਧਾਨ ਅਤੇ ਉਸ ਦੇ ਤਿੰਨ ਹੋਰ ਸਾਥੀਆਂ ਦੀ ਗ੍ਰਿਫਤਾਰੀ ਲਈ ਅੱਜ ਪੰਜਵੇਂ ਦਿਨ ਵੀ ਛਾਪੇ ਮਾਰਨ ਦਾ ਸਿਲਸਿਲਾ ਜਾਰੀ ਰਿਹਾ। ਇਹ ਸਾਰੇ ਮੈਂਬਰ ੧੭ ਤਰੀਕ ਦੇ ਹੀ ਫ਼ਰਾਰ ਹਨ। ਸੁਰਿੰਦਰ ਡੋਗਰਾ ਨਾਲ ਤਾਂ ਸਰਕਾਰੀ ਗੰਨਮੈਨ ਵੀ ਫ਼ਰਾਰ ਹੈ। ਇਸ ਗਿਰੋਹ ਦੇ ਤਿੰਨ ਮੈਂਬਰ ੧੭ ਤਰੀਕ ਨੂੰ ਪੁਤਲੀ ਘਰ ਚੋਂ ਫੜੇ ਗਏ ਸਨ, ਜਦ ਕਿ ਇਕ ਹੋਰ ਉਪਿੰਦਰ ਕੁਮਾਰ ਨੇ ਪਿਛੋਂ ਅਦਾਲਤ ਵਿਚ ਆਤਮ ਸਮਰਪਣ ਕਰ ਦਿਤਾ ਸੀ। ਇਸ ਤੋਂ ਬਾਅਦ ਪੁਲਸ ਨੇ ਪਰਸੋਂ ਸ਼ੁਕਰਵਾਰ ਨੂੰ ਇਸ ਗਿਰੋਹ ਨੂੰ ਬੰਬ ਸਪਲਾਈ ਕਰਨ ਵਾਲੇ ਰਾਜਪੁਰਾ ਦੇ ਇਕ ਗਿਰੋਹ ਦੇ ਦੋ ਮੈਂਬਰ ਵੀ ਫੜ ਲਏ।...ਪੁਲਸ ਸੂਤਰਾਂ ਅਨੁਸਾਰ ਪੁਲਸ ਨੇ ਅਨਿਲ ਕੁਮਾਰ ਲਈ ਦਿੱਲੀ ਪੁਲਸ ਤੋਂ ਵੀ ਹੋਰ ਜਾਣਕਾਰੀ ਲਈ ਹੈ, ਜੋ ਕਿ ਦਿੱਲੀ ਵਿਖੇ ਕਮਲ ਕੁਮਾਰ ਦੇ ਨਾਂ ਨਾਲ ਆਪਣੀ ਪਛਾਣ ਦਸਦਾ ਸੀ ਤੇ ਉਥੋਂ ਇਹ ਇਕ ਵਪਾਰੀ ਅਸ਼ੋਕ ਕੁਮਾਰ ਦਾ ਇਕ ਲੱਖ ੨੦ ਹਜ਼ਾਰ ਰੁਪਿਆ ਲੁਟ ਕੇ ਦੌੜ ਗਿਆ ਸੀ। ਉਸ ਵੇਲੇ ਅਨਿਲ ਉਰਫ ਕਮਲ ਕੁਮਾਰ ਜੇਲ੍ਹਰ ਉਸੇ ਵਿਅਕਤੀ ਦੀ ਕਾਰ ਦਾ ਨਿੱਜੀ ਡਰਾਈਵਰ ਵੀ ਸੀ। ਇਸ ਵਾਰਦਾਤ ਤੋਂ ਬਾਅਦ ਉਹ ਕਲਕੱਤੇ ਚਲਾ ਗਿਆ, ਉਥੇ ਵੀ ਕਈ ਵਾਰਦਾਤਾਂ ਕੀਤੀਆਂ। ਫੇਰ ਉਹ ਚੰਡੀਗੜ੍ਹ ਰਹਿਣ ਲੱਗਾ ਤੇ ਹੁਣ ਅੰਮ੍ਰਿਤਸਰ ਵਿਚ ਭਗਤਾਂ ਵਾਲਾ ਸਥਿਤ ਪੰਜਾਬ ਸਿੰਧ ਬੈਂਕ ਡਾਕੇ ਵਿਚ ਇਹ ਸ਼ਾਮਲ ਸੀ। ਡਾਕੇ ਦੀ ਇਹ ਸਾਰੀ ਸਕੀਮ ਦੁਰਗਿਆਨਾ ਮੰਦਰ ਸਥਿਤ ਸ਼ਿਵ ਸੈਨਾ ਦੇ ਦਫਤਰ ਵਿਚ ਬਣਾਈ ਗਈ ਸੀ ਜਿਸ ਲਈ ਹਥਿਆਰ ਕਥਿਤ ਤੌਰ ਤੇ ਸ਼ਿਵ ਸੈਨਾ ਦੇ ਪ੍ਰਧਾਨ ਸੁਰਿੰਦਰ ਡੋਗਰਾ ਨੇ ਦਿਤੇ ਸਨ ਅਤੇ ਉਸ ਨੇ ੧੫ ਹਜ਼ਾਰ ਰੁਪਿਆ ਲੁਟ ਦੇ ਮਾਲ ਵਿਚੋਂ ਹਿੱਸੇ ਵਜੋਂ ਵੀ ਲਿਆ ਸੀ। ਅਜੀਤ, 24.11.86. (੪੨)

www.AKJ.Org

# ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਪ੍ਰੋਗਰਾਮ

ਭਾਈ ਰਾਜਿੰਦਰ ਸਿੰਘ ਡਡਲੀ ਤੋਂ ਸੂਚਤ ਕਰਦੇ ਹਨ—

(1) ਰੈਣ ਸਬਾਈ ਕੀਰਤਨ 25 ਦਸੰਬਰ ਵੀਰਵਾਰ ਰਾਤ ਨੂੰ ਸ: ਸਤਵਿੰਦਰ ਸਿੰਘ ਦੇ ਗ੍ਰਿਹ ਵਿਖੇ 18 AMBERLEY ROAD, LEYTON, E--10 (U. K.), ਪੁਛ ਗਿਛ : ਫੋਨ 01-539-8331

(2) ਰੈਣ ਸਬਾਈ ਕੀਰਤਨ 27 ਦਸੰਬਰ ਸ਼ਨੀਵਾਰ ਰਾਤ ਨੂੰ, ਉਪਰੰਤ ਅਨੰਦ ਕਾਰਜ ਬੀਬੀ ਅੰਮ੍ਰਿਤਪਾਲ ਕੌਰ ਸਪੁਤਰੀ ਭਾਈ ਹਰਭਜਨ ਸਿੰਘ ਸਗੂ ਅਤੇ ਡਾ: ਪ੍ਰਭਜੋਤ ਸਿੰਘ ਸਪੁਤਰ ਸ: ਕੇਵਲ ਸਿੰਘ—ਹੇਠ ਲਿਖੇ ਅਸਥਾਨ ਵਿਖੇ ਗੁਰਦਵਾਰਾ ਬੇਬੇ ਨਾਨਕੀ ਜੀ, 189-ਰੂਕਰੀ ਰੋਡ, ਹੈਂਡਸਵਰਥ, ਬਰਮਿੰਘਮ (ਯੂ. ਕੇ.)

ਪੁਛ ਗਿਛ : ਗੁਰਦਵਾਰਾ ਫੋਨ (21-551-3489 ਜਾਂ ਭਾ: ਹਰਭਜਨ ਸਿੰਘ ਸਗੂ 021-565-:897

(3) ਰੈਣ ਸਬਾਈ ਕੀਰਤਨ 10 ਜਨਵਰੀ ਸ਼ਨੀਵਾਰ ਰਾਤ ਨੂੰ ਹੇਠ ਲਿਖੇ ਅਸਥਾਨ ਵਿਖੇ :—

ਗੁਰੂ ਅਰਜਨ ਦੇਵ ਗੁਰਦਵਾਰਾ, ਕਰਾਮਵੈਲ ਰੋਡ, ਡਰਬੀ ਯੂ. ਕੇ.

ਪੁਛ ਗਿਛ : ਗੁਰਦਵਾਰਾ ਫ਼ੋਨ 0332-32539, ਜਾਂ ਭਾ: ਚੈਨ ਸਿੰਘ ਜੀ 0332-362977

(4) ਸ੍ਰੀ ਅਖੰਡਪਾਠ, ਕੀਰਤਨ ਤੇ ਅੰਮ੍ਰਿਤ ਸਿੰਚਾਰ 25-27 ਦਸੰਬਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਯਾਦ ਵਿਚ—
SIKH TEMPLE MEDWAY TOWN, COSSACK ST., ROCHESTER (U. K.)

ਪੁਛ ਗਿਛ : ਗੁਰਦਵਾਰਾ ਫ਼ੋਨ : 0634-49782, ਜਾਂ ਭਾ: ਹਰਬਖਸ਼ ਸਿੰਘ ਸਰਾਏ 0634-407547

## ਦੂਰ ਦੁਰਾਡੇ ਮੁਲਕਾਂ ਵਿਚ ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਪ੍ਰਚਾਰ–

ਆਸਟਰੇਲੀਆ, ਨਿਊਜ਼ੀਲੈਂਡ ਅਤੇ ਸਿੰਘਾਪੁਰ ਦੀਆਂ ਸੰਗਤਾਂ ਦੀ ਬੇਨਤੀ ਤੇ ਯੂ. ਕੇ. ਦੇ ਅਖੰਡ ਕੀਰਤਨੀ ਜਥੇ ਵਲੋਂ ਦਸ ਸਿੰਘਾਂ ਦਾ ਜਥਾ 4 ਦਸੰਬਰ ਚਲ ਰਿਹਾ ਹੈ, ਜੋ ਹੇਠ ਲਿਖੇ ਅਨੁਸਾਰ ਗੁਰਬਾਣੀ ਕੀਰਤਨ ਤੇ ਅੰਮ੍ਰਿਤ ਸਿੰਚਾਰ ਕਰੇਗਾ।

**(ੳ) ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿਖੇ 5 ਦਸੰਬਰ 86 ਤੋਂ 3 ਜਨਵਰੀ 87 ਤਕ–**

ਇਨ੍ਹਾਂ ਮੁਲਕਾਂ ਦੇ ਕਈ ਸ਼ਹਿਰਾਂ, ਜਿਵੇਂ ਕਿ SYDNEY, MELBOURNE, WOOLGOOLGA ਅਤੇ AUWLAND ਆਦਿ ਵਿਚ ਗੁਰਮਤਿ ਪ੍ਰੋਗਰਾਮ ਹੋਣਗੇ। ਜਥੇ ਦਾ ਹੈਡ ਕੁਆਟਰ ਹੇਠ ਲਿਖੇ ਅਸਥਾਨ ਤੇ ਹੋਵੇਗਾ—
Siri Guru Singh Sabha, 16 The River Rd., Revesby. N. S. W--2122, Australia.

**(ਅ) ਸਿੰਘਾਪੁਰ ਵਿਖੇ 4 ਤੋਂ 15 ਜਨਵਰੀ ਤਕ–**ਸਿੰਘਾਪੁਰ ਦੇ ਕਈ ਗੁਰਦਵਾਰਿਆਂ ਵਿਚ ਪ੍ਰੋਗਰਾਮ ਹੋਣਗੇ।

ਇਸ ਪ੍ਰਚਾਰ-ਫੇਰੀ ਸੰਬੰਧੀ ਵਧੇਰੇ ਜਾਣਕਾਰੀ ਹੇਠ ਲਿਖੇ ਸਜਣਾਂ ਤੋਂ ਪ੍ਰਾਪਤਕਰੋ—

ਭਾ: ਸੁਬੇਗ ਸਿੰਘ (ਆਸਟਰੇਲੀਆ) ਫ਼ੋਨ : 02-776252, ਭਾ: ਰਾਜਿੰਦਰ ਸਿੰਘ (ਇੰਗਲੈਂਡ) 0384-237341

---

## ਮੋਗੇ ਟਾਂਗਿਆਂ ਵਾਲੀ ਗਲੀ, ਬਸਤੀ ਗੋਬਿੰਦਗੜ੍ਹ ਵਿਖੇ ਅਖੰਡ ਕੀਰਤਨੀ ਜਥੇ ਵਲੋਂ ਮਾਸਕ ਅਖੰਡ ਕੀਰਤਨ

ਭਾਈ ਬਲਦੇਵ ਸਿੰਘ ਸਿਧੂ (ਜੇ. ਈ.) ਜੀ. ਟੀ. ਰੋਡ ਦੇ ਗ੍ਰਿਹ ਵਿਖੇ ੭ ਦਸੰਬਰ ਐਤਵਾਰ ਸਵੇਰੇ ੭ ਤੋਂ ੧੦-੩੦

## ਬਟਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਨੂੰ ਦਿਵਸ ਸੁਹੇਲਾ ਕੀਰਤਨ

੫ ਦਸੰਬਰ ਸ਼ੁਕਰਵਾਰ ਸਵੇਰੇ ੬ ਤੋਂ ੧੦ ਤਕ ਅਖੰਡ ਕੀਰਤਨ ਭਾ: ਮਹਿੰਦਰ ਸਿੰਘ S. D. O. ਮਕਾਨ ਨੰ: ੬੮ ਭਾ: ਮੋਹਨ ਸਿੰਘ ਵੀਨਸ ਕੁਰਸੀਆਂ ਵਾਲੇ T. No. 959 ਕ੍ਰਿਸ਼ਨਾ ਨਗਰ ਵਿਖੇ।

## ਪਿੰਡ ਅਲੀਗੜ੍ਹ (ਨੇੜੇ ਜਗਰਾਉਂ) ਵਿਖੇ ਸ੍ਰੀ ਅਖੰਡਪਾਠ ਤੇ ਦਿਵਸ ਸੁਹੇਲਾ ਕੀਰਤਨ

੨੮ ਦਸੰਬਰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਸਵੇਰੇ ੫ ਤੋਂ ਦੁਪਹਿਰ ਤਕ ਕੀਰਤਨ, ਭਾ: ਜਗਜੀਤ ਸਿੰਘ ਖਾਲਸਾ ਗ੍ਰਿਹ ਵਿਖੇ।

## ਮੁਸਤਫ਼ਾਪੁਰ (ਬਟਾਲਾ-ਕਲਾਨੌਰ ਰੋਡ) ਵਿਖੇ ਰੈਣ ਸਬਾਈ ਕੀਰਤਨ

੬ ਦਸੰਬਰ ਸ਼ਨੀਵਾਰ ਰਾਤ ਭਾ: ਹਰਦੇਵ ਸਿੰਘ ਭੂਪਿੰਦਰ ਸਿੰਘ ਦੇ ਗ੍ਰਿਹ ਵਿਖੇ। ਫ਼ਜ਼ਲਾਬਾਦ ਅਡੇ ਤੇ ਉਤਰਨਾ ਹੈ।

## ਪਿੰਡ ਤਾਜਪੁਰ ਨੇੜੇ ਮੋਰਿੰਡਾ (ਮੋਰਿੰਡਾ ਸਰਹਿੰਦ ਰੋਡ) ਵਿਖੇ ਦਿਵਸ ਸੁਹੇਲਾ ਕੀਰਤਨ

ਭਾ: ਭਾਗ ਸਿੰਘ ਕੁਰਾਲੀ ਅਨੁਸਾਰ ੧੪ ਦਸੰਬਰ ਐਤਵਾਰ ਸਵੇਰੇ ਭਾ: ਬਾਵਾ ਸਿੰਘ ਤਾਜਪੁਰ ਦੇ ਗ੍ਰਿਹ ਵਿਖੇ ਕੀਰਤਨ ਹੋਣਗੇ।

www.AKJ.Org

### ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਦਾ

# ਕੇਂਦਰੀ ਸਾਲਾਨਾ ਸਮਾਗਮ ਲੁਧਿਆਣਾ ਵਿਖੇ

### ੪ ਜਨਵਰੀ ਐਤਵਾਰ ਸਵੇਰ ਤੋਂ ੭ ਜਨਵਰੀ ੧੯੮੭ ਬੁਧਵਾਰ ਸਵੇਰ ਤਕ

ਭਾਰਤ ਭਰ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਅੰਮ੍ਰਿਤ ਦੇ ਦਾਤੇ ਦਸਮੇਸ਼ ਪਿਤਾ ਜੀ ਦਾ ਪ੍ਰਕਾਸ਼ ਉਤਸਵ ਸਦਾ ਵਾਂਗ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ। ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ਅਖਾੜਿਆਂ ਦੇ ਰੰਗ ਮਾਨਣ ਲਈ ਪ੍ਰਵਾਰਾਂ ਸਮੇਤ ਹੁਮ ਹੁਮਾ ਕੇ ਪੁਜੋ ਜੀ। ਪ੍ਰੋਗਰਾਮ ਇਹ ਹੈ :—

੪ ਜਨਵਰੀ ਸਵੇਰੇ ੫-੦੦ ਤੋਂ ੭-੩੦ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ
ਸ਼ਾਮ ੬-੦੦ ਤੋਂ ੯-੦੦ ਅਖੰਡ ਕੀਰਤਨ

੫ ਜਨਵਰੀ ਸਵੇਰੇ ੬-੦੦ ਤੋਂ ੧੨-੦੦ ਕੀਰਤਨ ਆਸਾ ਦੀ ਵਾਰ ਸ਼ਾਮ ੬-੦੦ ਤੋਂ ੯-੦੦ ਅਖੰਡ ਕੀਰਤਨ

੬ ਜਨਵਰੀ ਸਵੇਰੇ ੬-੦੦ ਭੋਗ ਸ੍ਰੀ ਅਖੰਡਪਾਠ, ਉਪਰੰਤ ਕੀਰਤਨ ਆਸਾ ਦੀ ਵਾਰ ਤੇ ਅਖੰਡ ਕੀਰਤਨ ਦੁਪਹਿਰ ਤਕ।
ਦੁਪਹਿਰ ਪਿਛੋਂ ਅੰਮ੍ਰਿਤ ਸਿੰਚਾਰ ਸਮਾਗਮ
ਸ਼ਾਮ ੭-੩੦ ਅਰੰਭ **ਰੈਣ ਸਬਾਈ** ਕੀਰਤਨ (੭ ਜਨਵਰੀ ਸਵੇਰੇ ੭-੩੦ ਸਮਾਪਤੀ)

ਨੋਟ—੧. ਸਵਾਗਤੀ ਦਫਤਰ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੋਵੇਗਾ। ੨. ਬਿਸਤਰੇ ਜ਼ਰੂਰ ਲਿਆਉਣੇ ਜੀ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ ਲੁਧਿਆਣਾ

---

## ਲੁਧਿਆਣਾ ਸਰਾਭਾ ਨਗਰ ਵਿਖੇ ਬੇਬੇ ਕਰਤਾਰ ਕੌਰ ਜੀ ਦੀ ਯਾਦ ਵਿਚ ਸ੍ਰੀ ਅਖੰਡਪਾਠ

ਭਾ: ਸਾ: ਰਣਧੀਰ ਸਿੰਘ ਜੀ ਦੀ ਸੁਪਤਨੀ, ਬੇਬੇ ਕਰਤਾਰ ਕੌਰ ਜੀ ਦੀ ਯਾਦ ਵਿਚ ਉਨ੍ਹਾਂ ਦੇ ਸਪੁਤਰ ਸ: ਬਲਬੀਰ ਸਿੰਘ ਜੀ ਦੀ ਕੋਠੀ ੨੩-ਜੀ, ਸਰਾਭਾ ਨਗਰ ਵਿਚ ਸ੍ਰੀ ਅਖੰਡਪਾਠ ਹੋ ਰਹੇ ਹਨ। ਪਹਿਲਾ ਅਖੰਡਪਾਠ ੭ ਤੋਂ ੯ ਜਨਵਰੀ ਅਤੇ ਦੂਜਾ ੯ ਤੋਂ ੧੧ ਜਨਵਰੀ ੧੯੮੭ ਨੂੰ ਹੋਣਾ ਹੈ। ਐਤਵਾਰ ੧੧ ਜਨਵਰੀ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ। ਆਇ ਜੁੜੋ ਜੀ। ਦਾਸਰੇ—ਅਖੰਡ ਕੀਰਤਨੀ ਜਥਾ, ਲੁਧਿਆਣਾ

## ਪਿੰਡ ਝਾਂਡੇ ਜ਼ਿਲਾ ਲੁਧਿਆਣਾ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਸੰਗਤ ਪਿੰਡ ਝਾਂਡੇ ਵਲੋਂ ਗੁਰਦੁਆਰਾ ਸਾਹਿਬ ਦੀ ਨਵੀਂ ਉਸਾਰੀ ਹੋਣ ਤੇ ਸ਼ੁਕਰਾਨੇ ਵਜੋਂ ੧੮ ਤੋਂ ੨੦ ਦਸੰਬਰ ਨੂੰ ਸ੍ਰੀ ਅਖੰਡਪਾਠ ਹੋ ਰਹੇ ਹਨ। ੨੦ ਦਸੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨਾਂ ਵਿਚ ਹਾਜ਼ਰੀਆਂ ਭਰੋ ਜੀ।

## ਦੋਰਾਹਾ ਮੰਡੀ ਵਿਖੇ ਸਾਲਾਨਾ ਕੀਰਤਨ ਪ੍ਰੋਗਰਾਮ, ਸ੍ਰੀ ਅਖੰਡਪਾਠ ਤੇ ਰੈਣ ਸਬਾਈ

ਅਖੰਡ ਕੀਰਤਨੀ ਜਥਾ ਦੋਰਾਹਾ ਮੰਡੀ ਵਲੋਂ ਖਾਲਸਾ ਗਰਲਜ਼ ਹਾਈ ਸਕੂਲ ਵਿਖੇ ੨੫ ਤੋਂ ੨੭ ਨੂੰ ਸ੍ਰੀ ਅਖੰਡਪਾਠ ਹੋ ਰਹੇ ਹਨ। ੨੫ ਦਸੰਬਰ ਸਾਮ ਨੂੰ ਸਿੰਘ ਸਭਾ ਦੋਰਾਹਾ ਵਿਖੇ ੭ ਤੋਂ ੯, ੨੬ ਸਵੇਰੇ ਦਮਦਮਾ ਸਾਹਿਬ ਦੋਰਾਹਾ ਪਿੰਡ ਵਿਖੇ ੬ ਤੋਂ ੧੦ ਅਤੇ ਸ਼ਾਮ ਨੂੰ ਗੁ: ਕਲਗੀਧਰ ਸਾਹਿਬ ਗੁਰੂ ਨਾਨਕ ਪੁਰਾ ਦੋਰਾਹਾ ਮੰਡੀ ਵਿਖੇ ੭ ਤੋਂ ੯ ਤਕ ਕੀਰਤਨ ਹੋਣੇ ਹਨ। ੨੭ ਦਸੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ਨੂੰ ਅੰਮ੍ਰਿਤ ਸਿੰਚਾਰ ਅਤੇ ਰਾਤ ਨੂੰ ਰੈਣ ਸਬਾਈ ਕੀਰਤਨਾਂ ਵਿਚ ਪੁਜ ਕੇ ਲਾਹੇ ਲਵੋ ਜੀ।

## ਗੁਰਦੁਆਰਾ ਰਾਮਪੁਰ ਖੇੜਾ (ਹੁਸ਼ਿਆਰਪੁਰ) ਵਿਖੇ ਸੰਤ ਬਾਬਾ ਹਰਨਾਮ ਸਿੰਘ ਦੀ ਯਾਦ ਵਿਚ ਸਮਾਗਮ

ਬਾਬਾ ਹਰਨਾਮ ਸਿੰਘ ਜੀ ਦੀ ਬਰਸੀ ਸਮੇਂ ੨ ਤੋਂ ੪ ਜਨਵਰੀ ਨੂੰ ਸ੍ਰੀ ਅਖੰਡਪਾਠ ਹੋ ਰਹੇ ਹਨ ਅਤੇ ੩ ਜਨਵਰੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣੇ ਹਨ। ੪ ਜਨਵਰੀ ਨੂੰ ਖੁਲ੍ਹਾ ਦੀਵਾਨ ਹੋਵੇਗਾ। ਆਇ ਜੁੜੋ ਜੀ।

## ਸ੍ਰੀ ਅੰਮ੍ਰਿਤਸਰ ਗੁ: ਟਾਹਲੀ ਸਾਹਿਬ, ਸੰਤੋਖਸਰ ਵਿਖੇ ਰੈਣ ਸਬਾਈ ਕੀਰਤਨ

ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿਚ ੨੦ ਦਸੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਆਇ ਜੁੜੋ ਜੀ।

## ਬਸੀ ਪਠਾਣਾਂ (ਪਟਿਆਲਾ) ਵਿਖੇ ਸ਼ਹੀਦੀ ਪੁਰਬ ਦੀ ਯਾਦ ਵਿਚ ਰੈਣ ਸਬਾਈ ਕੀਰਤਨ

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਵਾਲੀ ਰਾਤ ੫ ਦਸੰਬਰ ਸ਼ੁਕਰਵਾਰ ਰਾਤ ਨੂੰ ਲਾਲ ਗੁਰਦੁਆਰਾ ਸਾਹਿਬ ਧੋਬੀ ਮੰਡੀ ਵਿਖੇ ਰੈਣ ਸਬਾਈ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

---

ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org